ਖੂਨਦਾਨ ਮਹਾਂਦਾਨ
ਸ਼੍ਰੀ ਹਰਿਕ੍ਰਿਸ਼ਨ ਚੈਰੀਟੇਬਲ ਸੁਸਾਇਟੀ
SHKCSP
ਮਨੁੱਖਤਾ ਦੀ ਸੇਵਾ ਲਈ
ਹਰ ਪਲ, ਹਰ ਘੜੀ, ਹਰ ਕਦਮ
ਆਪ ਜੀ ਦੀ ਸੇਵਾ ਵਿੱਚ
ਲੋੜਵੰਦ ਪਰਿਵਾਰਾਂ ਲਈ ਮਹੀਨਾਵਾਰ ਰਾਸ਼ਨ
Email : shkcsp@gmail.com www.shkcsp.com
M. : 98761-36031, 98552-21430, 98143-28141, 98557-32101


# ਦੇਸੀ ਪੰਜਾਬ

ਪੰਜਾਬੀਅਤ ਦਾ ਪਹਿਰੇਦਾਰ

Daily Epaper ਪਟਿਆਲਾ ਤੋਂ ਪ੍ਰਕਾਸ਼ਿਤ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

RNI : PUNPUN/2021/80887 www.desipunjab.in DESI PUNJAB - May Email : desipunjabchannel@gmail.com

ਮੁੱਖ ਸੰਪਾਦਕ : ਨਵਤੇਜ ਸਿੰਘ ਫੋਨ : 0175-7962519 ਮੋ. : 97800-66060 ਸੰਪਾਦਕ : ਹਰਪ੍ਰੀਤ ਸਿੰਘ ਮਾਹੀ :Postal Regd. PB/PAT/0333 (2022-2024)


ਰੋਜ਼ਾਨਾ ਪੰਜਾਬ ਵਿੱਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ -ਪੇਪਰ
A joint venture of Desi Punjab Print & Online Newspaper & Web TV
ਦੇਸੀ ਪੰਜਾਬ ਅਖਬਾਰ ਦੇ ਰੋਜ਼ਾਨਾ ਈ-ਪੇਪਰ ਵਿੱਚ ਕਵਿਤਾਵਾਂ, ਮਿੰਨੀ ਸਟੋਰੀਆਂ, ਆਰਟੀਕਲ ਆਦਿ ਦੇਣ ਲਈ ਸੰਪਰਕ ਕਰੋ :
Mob. : 97800-66060, Email : desipunjabchannel@gmail.com

ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਦੇ ਜ਼ਿਲ੍ਹਾ ਪਟਿਆਲਾ ਤੋਂ ਪ੍ਰਕਾਸ਼ਿਤ ਹੁੰਦੇ ਅਖ਼ਬਾਰ 'ਦੇਸੀ ਪੰਜਾਬ' ਨੂੰ ਮਾਝਾ, ਮਾਲਵਾ ਅਤੇ ਦੁਆਬਾ ਦੇ ਜ਼ਿਲ੍ਹਿਆਂ ਅਤੇ ਪਿੰਡਾਂ ਵਿੱਚੋਂ ਪੜ੍ਹੇ ਲਿਖੇ ਅਤੇ ਸੂਝਵਾਨ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਅਤੇ ਜ਼ਿਲ੍ਹਾ ਬਿਊਰੋ ਚੀਫ਼ ਬਣਨ ਲਈ ਅੱਜ ਹੀ ਸੰਪਰਕ ਕਰੋ।
9780066060

## ਪਟਿਆਲਾ ਲੋਕ ਸਭਾ ਹਲਕੇ ਦੀ ਸੀਟ ਬਣੀ ਹੌਟ ਸੀਟ ਕਈ ਦਿੱਗਜ ਅਜਮਾ ਰਹੇ ਹਨ ਕਿਸਮਤ

### ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਉਮੀਦਵਾਰਾਂ ਵਿਚ ਫਸਵਾਂ ਮੁਕਾਬਲਾ ਹੋਣ ਦੇ ਬਣੇ ਸੰਕੇਤ

Desi Punjab YouTube www.desipunjab.in



ਨਾਭਾ ਮਈ 2024-ਸੁਖਪਾਲ ਸਿੰਘ ਦੁਲੱਦੀ -ਲੋਕ ਸਭਾ ਹਲਕਾ ਪਟਿਆਲਾ ਦੀ ਸੀਟ ਦਾ ਮੁਕਾਬਲਾ ਦਿਨੋ ਦਿਨ ਦਿਲਚਸਪ ਹੁੰਦਾ ਜਾ ਰਿਹਾ ਹੈ।ਇਸ ਸੀਟ ਤੇ ਕਈ ਮੁੱਖ ਪਾਰਟੀਆਂ ਦੇ ਦਿੱਗਜ ਆਪਣੀ ਕਿਸਮਤ ਅਜ਼ਮਾ ਰਹੇ ਹਨ। ਮੌਜੂਦਾ ਸੱਤਾਧਾਰੀ ਆਮ ਆਦਮੀ ਪਾਰਟੀ ਪਾਰਟੀ ਦੇ ਮੌਜੂਦਾ ਸੂਬੇ ਦੇ ਕੈਬਨਿਟ ਮੰਤਰੀ ਡਾ ਬਲਬੀਰ ਸਿੰਘ ਤੋਂ ਇਲਾਵਾ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਅਤੇ ਹੁਣ ਬੀਜੇਪੀ ਦੀ ਟਿਕਟ ਤੇ ਪ੍ਰਨੀਤ ਕੌਰ ਸਾਬਕਾ ਅਕਾਲੀ ਦਲ ਦੇ ਮੰਤਰੀ ਨਰਿੰਦਰ ਸ਼ਰਮਾ ਅਤੇ ਸਾਬਕਾ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਅਤੇ ਹੁਣ ਕਾਂਗਰਸ ਦੀ ਟਿਕਟ ਤੇ ਡਾ ਧਰਮਵੀਰ ਗਾਂਧੀ ਚੋਣ ਮੈਦਾਨ ਵਿਚ ਹਨ। ਧੂੰਆਂ ਧਾਰ ਮੀਟਿੰਗਾ ਕਰਕੇ ਹਲਕੇ ਵਿਚ ਪ੍ਰਚਾਰ ਕਰ ਰਹੇ ਹਨ।
ਬੀਜੇਪੀ ਪਾਰਟੀ ਇਸ ਸੀਟ ਤੇ ਅਜੇ ਕਾਫੀ ਪਿੱਛੜ ਕੇ ਚੱਲ ਰਹੀ ਹੈ। ਖੁਦ ਪਾਰਟੀ ਦੇ ਆਗੂ ਚੋਣਾਂ ਵਿਚ ਸਿੱਧੇ ਰੂਪ ਵਿੱਚ ਕੁਝ ਵੀ ਕਹਿਣ ਤੋਂ ਬਚ ਰਹੇ ਹਨ। ਪਾਰਟੀ ਦੇ ਹੋਰਡਿੰਗ ਬੋਰਡਾਂ ਵਿੱਚੋ ਕਈ ਦਿੱਗਜ਼ਾਂ ਦੀਆਂ ਤਸਵੀਰਾਂ ਗਾਇਬ ਹੋਣੀਆ ਪਾਰਟੀ ਦੇ ਅੰਦਰੂਨੀ ਕਲੇਸ਼ ਦਾ ਸਬੂਤ ਸਾਹਮਣੇ ਕਰ ਰਹੀਆਂ ਹਨ। ਕੁਝ ਪਾਰਟੀ ਦੇ ਵਫਾਦਾਰ ਜਲਦੀ ਹੀ ਵੱਡੇ ਕਾਫਲੇ ਵਿਚ ਪਾਰਟੀ ਤੋਂ ਕਿਨਾਰਾ ਕਰ ਕੇ ਮੁਸ਼ਕਿਲਾਂ ਖੜੀਆਂ ਕਰ ਸਕਦੇ ਹਨ ਜਿਹੜੇ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।
ਆਮ ਆਦਮੀ ਪਾਰਟੀ ਦੇ ਲਈ ਵੀ ਇਹ ਸੀਟ ਕੁਝ ਦੂਰ ਲਗਦੀ ਜਾਪਦੀ ਹੈ। ਨਾਭਾ ਵਿਚ ਆਮ ਆਦਮੀ ਪਾਰਟੀ ਪਾਰਟੀ ਦੇ ਕੁਝ ਵਿਅਕਤੀ ਨੁਕਸਾਨ ਦਾ ਕਾਰਨ ਬਣ ਸਕਦੇ ਹਨ। ਨਾਭਾ ਵਿਚ ਚਲ ਰਹੇ ਸਿਆਸੀ ਤਜ਼ਰਬੇ ਦੇ ਚਰਚੇ ਉਲਟ ਸਮੀਕਰਨ ਬਦਲ ਸਕਦੇ ਹਨ। ਆਮ ਆਦਮੀ ਪਾਰਟੀ ਦੇ ਕਈ ਵੱਡੇ ਨੇਤਾ ਦੂਸਰੀਆਂ ਪਾਰਟੀਆਂ ਨਾਲ ਰਾਬਤਾ ਬਣਾ ਕੇ ਚਲ ਰਹੇ ਹਨ ਜਿਹੜੇ ਕਿ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦਾ ਮੁੱਖ ਕਰਨ ਬਣਨਗੇ। ਪਰਤੂੰਬਲੀਂ ਖੁਦ ਆਮ ਘਰਾਂ ਵਿੱਚੋਂ ਉਮੀਦਵਾਰ ਦੇਣ ਦਾ ਵਾਅਦਾ ਕਰਕੇ ਮੌਜੂਦਾ ਮੰਤਰੀ ਨੂੰ ਹੀ ਚੋਣ ਮੈਦਾਨ ਵਿਚ ਉਤਾਰਨ ਦਾ ਫੈਸਲਾ ਵਰਕਰਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।
ਕਾਂਗਰਸ ਪਾਰਟੀ ਦਾ ਉਮੀਦਵਾਰ ਡਾ ਧਰਮਵੀਰ ਗਾਂਧੀ ਕੁਝ ਮਜ਼ਬੂਤ ਸਥਿਤੀ ਵਿਚ ਨਜ਼ਰ ਆ ਰਿਹਾ ਹੈ। ਲੋਕਾਂ ਵਿਚ ਕਾਫੀ ਲੋਕਪ੍ਰਿਯਤਾ ਹਾਸਿਲ ਹੈ ਅਤੇ ਆਪਣੇ ਪੁਰਾਣੇ ਕਾਰਜਕਾਲ ਵਿਚ ਕਈ ਮੁੱਖ ਪ੍ਰੋਜੈਕਟ ਲਿਆ ਕੇ ਮਜ਼ਬੂਤ ਸਥਿਤੀ ਵਿਚ ਹੈ।
ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਜਗਜੀਤ ਸਿੰਘ ਛੜਬੜ ਦੇ ਸਮਰਥਕਾਂ ਵੱਲੋਂ ਵੀ ਚੋਣ ਮੈਦਾਨ ਵਿਚ ਪ੍ਰਚਾਰ ਜਾਰੀ ਹੈ ਪਰ ਉਨਾਂ ਵਲੋਂ ਵੀ ਅਜੇ ਪੂਰੇ ਪੱਤੇ ਨਹੀਂ ਖੋਲ੍ਹੇ ਜਾ ਰਹੇ
ਅਕਾਲੀ ਦਲ ਦਾ ਉਮੀਦਵਾਰ ਨਰਿੰਦਰ ਸ਼ਰਮਾ ਬਹੁਤ ਅੱਛੀ ਪੁਜੀਸ਼ਨ ਵਿਚ ਨਜ਼ਰ ਆ ਰਹੇ ਹਨ। ਨਾਭਾ ਵਿਚ ਅਕਾਲੀ ਦਲ ਕਈਂ ਧੜਿਆਂ ਵਿੱਚ ਵੰਡਿਆ ਜਾ ਚੁੱਕਾ ਸੀ। ਪਰ ਨਰਿੰਦਰ ਸ਼ਰਮਾ ਦੀ ਕਾਰਜਸ਼ੈਲੀ ਅਤੇ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਧੜਿਆਂ ਵਿਚ ਇਕਜੁਟਤਾ ਬਣਨ ਦੇ ਆਸਾਰ ਨਜ਼ਰ ਆਉਣ ਲੱਗ ਪਏ ਹਨ। ਨਾਭਾ ਦੇ ਹਲਕਾ ਇੰਚਾਰਜ ਜਥੇਦਾਰ ਮੱਖਣ ਸਿੰਘ ਲਾਲਕਾ ਦੀ ਮਿਹਨਤ ਅਤੇ ਹਸਮੁੱਖ ਸੁਭਾਅ ਨੇ ਵੀ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਹੈ। ਧੜਿਆਂ ਦੇ ਸ਼ਿਕਾਰ ਬਣ ਚੁੱਕੇ ਟਕਸਾਲੀ ਆਗੂ ਵੀ ਖੁਲਕੇ ਚੋਣ ਮੈਦਾਨ ਵਿਚ ਚੱਲਣ ਦਾ ਐਲਾਨ ਕਰ ਚੁੱਕੇ ਹਨ। ਜਿਸ ਨਾਲ ਨਰਿੰਦਰ ਸ਼ਰਮਾ ਇਸ ਸੀਟ ਦੇ ਪ੍ਰਮੁੱਖ ਦਾਅਵੇਦਾਰ ਨਜ਼ਰ ਆਉਣ ਲੱਗ ਪਏ ਹਨ। ਅਕਾਲੀ ਦਲ ਦੇ ਨੌਜਵਾਨ ਆਗੂ ਆਗੂ ਵੀ ਖੁੱਲ੍ਹ ਕੇ ਨਰਿੰਦਰ ਸ਼ਰਮਾ ਦੇ ਹੱਕ ਵਿੱਚ ਉਤਰਨ ਨਾਲ ਅਕਾਲੀ ਦਲ ਮਜ਼ਬੂਤ ਸਥਿਤੀ ਵਿਚ ਪਹੁੰਚ ਗਏ ਹਨ।

## ਭਾਜਪਾ ਉਮੀਦਵਾਰ ਵੱਲੋ ਜਨਤਕ ਥਾਂਵਾਂ ਤੇ ਪੋਸਟਰ ਲਾ ਕੇ ਚੋਣ ਕਮਿਸ਼ਨ ਦੇ ਨਿਯਮਾਂ ਦੀ ਕੀਤੀ ਜਾ ਰਹੀ ਉਲੰਘਣਾ

Desi Punjab YouTube www.desipunjab.in



ਸਰਦੂਲਗੜ੍ਹ, 18 ਮਈ (ਕੁਲਵਿੰਦਰ ਕੜਵਲ) ਪੂਰੇ ਦੇਸ਼ ਅੰਦਰ ਲੋਕ ਸਭਾ ਚੋਣਾਂ ਹੋ ਰਹੀਆਂ ਹਨ ਜਿਸ ਨੂੰ ਲੈ ਕੇ ਚੋਣ ਜਾਬਤਾ ਵੀ ਲੱਗਿਆ ਹੋਇਆ ਹੈ ਚੋਣ ਕਮਿਸ਼ਨ ਪੂਰੀ ਤਰ੍ਹਾਂ ਉਮੀਦਵਾਰਾਂ ਦੀ ਗਤੀਵਿਧੀਆਂ ਨੂੰ ਲੈ ਕੇ ਚੌਕਸ ਹੈ ਪਰ ਬਠਿੰਡਾ ਲੋਕ ਸਭਾ ਸੀਟ ਤੋਂ ਭਾਜਪਾ ਦੇ ਉਮੀਦਵਾਰ ਪਰਮਪਾਲ ਕੌਰ ਵੱਲੋਂ ਜਨਤਕ ਥਾਵਾਂ ਉੱਤੇ ਆਪਣੇ ਪੋਸਟਰ ਲਾ ਕੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅੱਜ ਸਰਦੂਲਗੜ੍ਹ ਸ਼ਹਿਰ ਦੇ ਨੈਸ਼ਨਲ ਹਾਈਵੇ ਵਿਚਾਲੇ ਬਣੇ ਡਿਵਾਈਡਰ ਉੱਤੇ ਕਈ ਥਾਵਾਂ ਤੇ ਵੱਡੀ ਗਿਣਤੀ ਵਿੱਚ ਪਰਮਪਾਲ ਕੌਰ ਦੇ ਚੋਣ ਪ੍ਰਚਾਰ ਨੂੰ ਲੈ ਕੇ ਪੋਸਟਰ ਲੱਗੇ ਦੇਖਣ ਨੂੰ ਮਿਲੇ ਇਸ ਸਬੰਧੀ ਜਦੋਂ ਉਪ ਮੰਡਲ ਮੈਜਿਸਟਰੇਟ ਨਿਤੇਸ਼ ਜੈਨ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਉਹਨਾਂ ਦੇ ਧਿਆਨ ਵਿੱਚ ਨਹੀਂ ਆਇਆ ਜਲਦੀ ਹੀ ਮੁਲਾਜ਼ਮ ਨੂੰ ਭੇਜ ਕੇ ਇਹ ਪੋਸਟਰ ਉਤਰਵਾਏ ਜਾਣਗੇ ਅਤੇ ਇਸ ਸਬੰਧੀ ਭਾਜਪਾ ਉਮੀਦਵਾਰ ਨੂੰ ਨੋਟਿਸ ਵੀ ਭੇਜਿਆ ਜਾਵੇਗਾ।

## ਅਖੌਤੀ ਆਗੂ ਸਵੇਰੇ ਆਪਣੀ ਪਾਰਟੀ ਦਾ ਪ੍ਰਚਾਰ ਕਰਦੇ ਹਨ ਅਤੇ ਸ਼ਾਮ ਨੂੰ ਦੂਜੀ ਪਾਰਟੀ ਦਾ ਪਰਨਾ ਪਾ ਲੈਂਦੇ ਹਨ - ਜਥੇਦਾਰ ਗੁਰਿੰਦਰ ਸਿੰਘ ਬਾਜਵਾ।

Desi Punjab YouTube www.desipunjab.in



ਬਟਾਲਾ 18 ਮਈ (ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ) ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਬੇਗਮਪੁਰਾ ਖਾਲਸਾ ਰਾਜ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਾਂਝੇ ਉਮੀਦਵਾਰ ਜਥੇਦਾਰ ਗੁਰਿੰਦਰ ਸਿੰਘ ਬਾਜਵਾ ਦੀ ਚੋਣ ਮੁਹਿੰਮ ਹਲਕੇ ਵਿੱਚ ਲਗਾਤਾਰ ਭਖਦੀ ਜਾ ਰਹੀ ਹੈ। ਅਗਾਮੀ ਲੋਕ ਸਭਾ ਚੋਣਾਂ ਦੇ ਮਧੇਨਜ਼ਰ ਹਲਕੇ ਵਿਚ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬਟਾਲਾ ਦੇ ਨਜ਼ਦੀਕੀ ਪਿੰਡ ਵਡਾਲਾ ਗ੍ਰੰਥੀਆਂ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਬਚਨ ਸਿੰਘ ਪਵਾਰ ਦੀ ਅਗਵਾਈ ਹੇਠ ਕਰਵਾਈ ਗਈ ਮੀਟਿੰਗ ਵਿਚ ਪਹੁੰਚੇ ਅਤੇ ਅਤੇ ਇੱਕਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਬਾਜਵਾ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਦੇ ਮੋਹਤਬਰ ਆਮ ਜਨਤਾ ਦੀ ਭਲਾਈ ਲਈ ਕਿੰਝ ਸੋਚ ਸਕਦੇ ਹਨ, ਜਦਕਿ ਇਹਨਾਂ ਨੂੰ ਆਪਣੀਆਂ ਹੀ ਪਾਰਟੀਆਂ ਤੇ ਵਿਸ਼ਵਾਸ ਨਹੀਂ ਰਿਹਾ। ਉਹਨਾਂ ਕਿਹਾ ਕਿ ਅੱਜ ਇਹ ਆਪਣੀਆਂ ਹੀ ਪਾਰਟੀਆਂ ਪ੍ਰਤੀ ਐਨੇ ਬੇ ਵਿਸ਼ਵਾਸੇ ਹੋ ਚੁੱਕੇ ਹਨ ਕਿ ਸਵੇਰੇ ਲੋਕਾਂ ਨੂੰ ਆਪਣੀ ਪਾਰਟੀ ਦੀਆਂ ਖੂਬੀਆਂ ਦੇ ਕਿੱਸੇ ਸੁਣਾਉਣਗੇ 'ਤੇ ਸ਼ਾਮ ਨੂੰ ਦੂਜੀ ਪਾਰਟੀ ਦਾ ਪਰਨਾ ਗੱਲ ਵਿੱਚ ਪਾ ਲੈਂਦੇ ਹਨ। ਜਥੇਦਾਰ ਬਾਜਵਾ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਮੈਨੂੰ ਸਮਝ ਨਹੀਂ ਆਉਂਦੀ ਕਿ ਇਹੋ ਜਿਹੇ ਅਖੌਤੀ ਆਗੂ ਕਿਹੜਾ ਮੂੰਹ ਲੈ ਕੇ ਦੁਬਾਰਾ ਆਮ ਜਨਤਾ ਅੱਗੇ ਜਾਂਦੇ ਹਨ। ਉਹਨਾਂ ਦੱਸਿਆ ਕਿ ਸਿਆਸਤ 'ਚ ਅਜਿਹੇ ਲੋਕਾਂ ਕਰ ਕੇ ਅਵਾਮ ਦਾ ਇਹਨਾਂ ਪ੍ਰਤੀ ਵਿਸ਼ਵਾਸ ਖ਼ਤਮ ਹੋ ਚੁੱਕਾ ਹੈ। ਇਸ ਮੌਕੇ ਤੇ ਭਾਰੀ ਮਾਤਰਾ ਵਿੱਚ ਇੱਕਠੇ ਹੋਏ ਲੋਕਾਂ ਨੇ ਜਥੇਦਾਰ ਬਾਜਵਾ ਨੂੰ ਪੂਰਨ ਸਮਰਥਨ ਦੇਣ ਦਾ ਵਿਸ਼ਵਾਸ ਦਵਾਇਆ।ਇਸ ਮੌਕੇ ਤੇ ਮਾਸਟਰ ਧਨਰਾਜ ਸਿੰਘ, ਬਲਕਾਰ ਸਿੰਘ, ਤਰਸੇਮ ਸਿੰਘ, ਭਾਈ ਲਾਲ ਸਿੰਘ, ਬਾਬਾ ਮਹਿੰਦਰ ਸਿੰਘ, ਸਰੂਪ ਸਿੰਘ, ਦਲਜੀਤ ਸਿੰਘ ਪੱਪੂ, ਗਿਆਨੀ ਦਵਿੰਦਰ ਸਿੰਘ, ਨਿਰਮਲ ਸਿੰਘ ਸਾਗਰਪੁਰ, ਬਾਬਾ ਗੁਰਮੇਜ ਸਿੰਘ ਦਾਬਾਂਵਾਲ, ਇੰਸਪੈਕਟਰ ਨਿਰਮਲ ਸਿੰਘ, ਜਤਿੰਦਰ ਸਿੰਘ ਦਾਬਾਂਵਾਲ ਤੋਂ ਇਲਾਵਾ ਇਲਾਕੇ ਦੇ ਲੋਕ ਹਾਜ਼ਿਰ ਸਨ।

## ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਨੇ ਲੋਕ ਸਭਾ ਚੋਣਾਂ ਦੌਰਾਨ "ਭਾਜਪਾ ਨੂੰ ਸਜ਼ਾ ਦਿਓ ਅਤੇ ਬਾਕੀਆਂ ਨੂੰ ਸਵਾਲ ਕਰੋ" ਦੀ ਘੜੀ ਰਣਨੀਤੀ

### ਪੁਰਾਣੀ ਪੈਨਸ਼ਨ ਦੀ ਧੁਰ ਵਿਰੋਧੀ ਭਾਜਪਾ ਦੇ ਪੁਤਲੇ ਫੂਕਣ ਅਤੇ ਬਾਕੀ ਪਾਰਟੀਆਂ ਨੂੰ ਸਵਾਲਨਾਮੇ ਦੇਣ ਦਾ ਪੀਪੀਪੀਐੱਫ ਨੇ ਕੀਤਾ ਫੈਸਲਾ

Desi Punjab YouTube www.desipunjab.in




ਦੇਸ਼ ਨੂੰ ਕਾਰਪੋਰੇਟ ਦੇ ਹਵਾਲੇ ਕਰਕੇ ਤਾਨਾਸ਼ਾਹੀ ਥੋਪਣ ਦੇ ਰਾਹ ਪਈ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਐੱਨ.ਪੀ.ਐੱਸ ਮੁਲਾਜ਼ਮਾਂ ਨੂੰ ਅਪੀਲ: ਪੀ.ਪੀ.ਪੀ.ਐੱਫ

ਫ਼ਤਹਿਗੜ੍ਹ ਸਾਹਿਬ,18, ਮਈ ( ਮਲਾਗਰ ਖਮਾਣੋਂ ): ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਨੇ ਦੇਸ਼ ਵਿੱਚ ਉੱਭਰੀ ਰਾਜਨੀਤਿਕ ਸਥਿਤੀ ਦੇ ਚੌਖਟੇ ਵਿੱਚ ਮੌਜੂਦਾ ਲੋਕ ਸਭਾ ਚੋਣਾਂ, ਪੁਰਾਣੀ ਪੈਨਸ਼ਨ ਦੀ ਮੰਗ ਪ੍ਰਤੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੀ ਪਹੁੰਚ ਅਤੇ 'ਚੋਣ ਗਰੰਟੀਆਂ' ਤੇ ਚਰਚਾ ਕਰਦਿਆਂ ਸੂਬਾ ਕਮੇਟੀ ਦੀ ਅਹਿਮ ਮੀਟਿੰਗ ਕੀਤੀ ਹੈ।ਫਰੰਟ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਪਿਛਲੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਦੇਸ਼ ਨੂੰ ਫਾਸ਼ੀ ਤਾਨਾਸ਼ਾਹੀ ਵੱਲ ਧੱਕਣ ਤੇ ਪੁਰਾਣੀ ਪੈਨਸ਼ਨ ਦੀ ਮੁੜ ਬਹਾਲੀ ਦਾ ਐਲਾਨੀਆ ਵਿਰੋਧ ਕਰਨ ਵਾਲੀ ਭਾਜਪਾ ਨੂੰ ਮੁੱਖ ਚੋਟ ਨਿਸ਼ਾਨੇ ਤੇ ਰੱਖਣ ਅਤੇ ਬਾਕੀ ਪਾਰਟੀਆਂ ਨੂੰ ਉਹਨਾਂ ਦੀ ਕਾਰਗੁਜ਼ਾਰੀ ਤੇ ਤਿੱਖੇ ਸਵਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਸੂਬਾ ਕਮੇਟੀ ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਫਰੰਟ ਦੇ ਸੂਬਾ ਕਨਵੀਨਰ ਅਤਿੰਦਰਪਾਲ ਸਿੰਘ, ਜ਼ੋਨ ਕਨਵੀਨਰਾਂ ਗੁਰਬਿੰਦਰ ਖਹਿਰਾ, ਇੰਦਰ ਸੁਖਦੀਪ ਸਿੰਘ ਓਢਰਾ ਅਤੇ ਜਸਵੀਰ ਭੰਮਾ ਨੇ ਦੱਸਿਆ ਕਿ ਪਿਛਲੇ ਦਸ ਸਾਲਾਂ ਵਿੱਚ ਭਾਜਪਾ ਨੇ ਅਰਥਚਾਰੇ ਦੇ ਹਰ ਖੇਤਰ ਨੂੰ ਕਾਰਪੋਰੇਟ ਦੀ ਅੰਨੀ ਲੁੱਟ ਤੇ ਬੇਅੰਤ ਮੁਨਾਫ਼ੇ ਲਈ ਖੁੱਲਾ ਛੱਡਿਆ ਹੋਇਆ ਹੈ। ਜਿਸ ਦਾ ਸਿੱਟਾ ਹੈ ਕਿ ਦੇਸ਼ ਦੀ ਸਿਖਰਲੀ ਇੱਕ ਫੀਸਦੀ ਅਬਾਦੀ ਕੋਲ ਕੁੱਲ ਦੌਲਤ ਦੀ 40 ਪ੍ਰਤੀਸ਼ਤ ਅਤੇ ਸਿਖਰਲੀ ਦਸ ਫੀਸਦੀ ਅਬਾਦੀ ਕੋਲ 73 ਪ੍ਰਤੀਸ਼ਤ ਧੰਨ ਸੰਪਤੀ ਦੀ ਹਿੱਸੇਦਾਰੀ ਹੈ। ਇਸ ਤੋਂ ਇਲਾਵਾ ਭਾਜਪਾ ਨੇ ਪਿਛਲੇ ਦਸ ਸਾਲਾਂ ਵਿੱਚ ਦੇਸੀ ਵਿਦੇਸ਼ੀ ਕਾਰਪੋਰੇਟ ਦੇ ਦਸ ਲੱਖ ਕਰੋੜ ਤੋਂ ਵੱਧ ਦੇ ਕਰਜ਼ਿਆਂ ਤੇ ਲੀਕ ਮਾਰ ਕੇ ਕਾਰਪੋਰੇਟ ਮੁਨਾਫੇ ਦੀ ਰਾਖੀ ਕੀਤੀ ਹੈ। ਦੂਜੇ ਪਾਸੇ ਇਸ ਲੁੱਟ ਖ਼ਿਲਾਫ਼ ਵੱਖ ਵੱਖ ਤਬਕਿਆਂ ਦੇ ਸੰਘਰਸ਼ਾਂ, ਹਾਸਲ ਜਮਹੂਰੀ ਹੱਕਾਂ ਅਤੇ ਫੈਡਰਲ ਢਾਂਚੇ ਨੂੰ ਕੁਚਲਣ ਲਈ ਰਾਜ ਮਸ਼ੀਨਰੀ ਦੇ ਸਭਨਾਂ ਅੰਗਾਂ ਤੇ ਕਬਜ਼ਾ ਕਰਕੇ ਦੇਸ਼ ਨੂੰ ਫਾਸ਼ੀ ਤਾਨਾਸ਼ਾਹੀ ਵਿੱਚ ਬਦਲਣ ਦਾ ਅਧਾਰ ਤਿਆਰ ਕੀਤਾ ਹੈ।ਭਾਜਪਾ ਨੇ ਆਪਣੇ ਜਾਬਰ ਮਨਸੂਬਿਆਂ ਤੋਂ ਧਿਆਨ ਭਟਕਾਉਣ ਲਈ ਲੋਕਾਂ ਨੂੰ ਫਿਰਕੂ ਅਤੇ ਧਾਰਮਿਕ ਲੀਹਾਂ ਤੇ ਵੰਡਿਆ ਹੈ। ਫਰੰਟ ਦੇ ਸੂਬਾ ਸਲਾਹਕਾਰ ਜਰਮਨਜੀਤ ਸਿੰਘ ਅਤੇ ਵਿਕਰਮਦੇਵ ਸਿੰਘ ਨੇ ਕਿਹਾ ਕਿ ਦੇਸ਼ ਦੇ ਲੱਖਾਂ ਕੇਂਦਰੀ ਅਤੇ ਰਾਜਾਂ ਦੇ ਮੁਲਾਜ਼ਮਾਂ ਦੀ ਪ੍ਰਮੁੱਖ ਮੰਗ ਪੁਰਾਣੀ ਪੈਨਸ਼ਨ ਬਹਾਲੀ ਨੂੰ "ਦੇਸ਼ ਦੇ ਅਰਥਚਾਰੇ ਲਈ ਖਤਰਾ", "ਵਿਕਾਸ ਵਿੱਚ ਰੁਕਾਵਟ"ਅਤੇ "ਭਵਿੱਖੀ ਪੀੜ੍ਹੀਆਂ ਲਈ ਬੋਝ" ਦੱਸਣ ਵਾਲੀ ਪਾਰਟੀ ਭਾਜਪਾ ਹੀ ਹੈ। ਭਾਜਪਾ ਨੇ ਸੰਸਦ ਦੇ ਅੰਦਰ ਅਤੇ ਬਾਹਰ ਪੁਰਾਣੀ ਪੈਨਸ਼ਨ ਬਹਾਲੀ ਦਾ ਖੁੱਲ ਕੇ ਵਿਰੋਧ ਕੀਤਾ ਹੈ। ਇਹੀ ਨਹੀਂ ਰਾਜਸਥਾਨ ਵਿੱਚ ਪੁਰਾਣੀ ਪੈਨਸ਼ਨ ਬਹਾਲ ਕੀਤੇ ਜਾਣ ਦੇ ਫੈਸਲੇ ਨੂੰ ਭਾਜਪਾ ਨੇ ਮੁੜ ਸੱਤਾ ਵਿੱਚ ਆਉਣ ਤੇ ਰੱਦ ਕਰ ਦਿੱਤਾ ਹੈ। ਜਿਸ ਤੋਂ ਸਪਸ਼ਟ ਹੈ ਕਿ ਸੂਬਾਈ ਵਿਸ਼ੇ ਵਿੱਚ ਸ਼ਾਮਲ ਪੁਰਾਣੀ ਪੈਨਸ਼ਨ ਬਾਰੇ ਕੀਤੇ ਫੈਸਲੇ ਨੂੰ ਫੈਡਰਲ ਢਾਂਚੇ ਨੂੰ ਟਿੱਚ ਜਾਨਣ ਵਾਲੀ ਭਾਜਪਾ ਕਦੇ ਵੀ ਉਲਟਾ ਸਕਦੀ ਹੈ। ਸੂਬਾ ਸਰਕਾਰਾਂ ਅਤੇ ਮੁਲਾਜ਼ਮਾਂ ਦੀ ਕੇਂਦਰੀ ਅਦਾਰੇ ਪੀਐੱਫਆਰਡੀਏ ਕੋਲ ਪਈ ਲੱਖਾਂ ਕਰੋੜਾਂ ਦੀ ਐੱਨ.ਪੀ.ਐੱਸ ਜਮਾਂ ਰਾਸ਼ੀ ਨੂੰ ਮੋੜਨ ਤੋਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਸਪੱਸ਼ਟ ਇਨਕਾਰ ਕਰ ਚੁੱਕੀ ਹੈ। ਪੁਰਾਣੀ ਪੈਨਸ਼ਨ ਖਿਲਾਫ਼ ਵਿੱਢੇ ਨੀਤੀਗਤ ਹਮਲੇ ਤਹਿਤ ਨੀਤੀ ਆਯੋਗ, ਆਰਬੀਆਈ,ਪੀਐੱਮ ਆਰਥਿਕ ਸਲਾਹਕਾਰ ਕੌਂਸਲ ਦੇ ਅਰਥਸ਼ਾਸਤਰੀ ਪੁਰਾਣੀ ਪੈਨਸ਼ਨ ਬਹਾਲੀ ਖਿਲਾਫ਼ ਬੋਲਦੇ ਅਤੇ ਲਿਖਦੇ ਰਹੇ ਹਨ। ਪੀਪੀਪੀਐੱਫ ਫਰੰਟ ਨੇ ਭਾਜਪਾ ਦੇ ਇਸ ਜਮਹੂਰੀਅਤ ਅਤੇ ਮੁਲਾਜ਼ਮ ਵਿਰੋਧੀ ਕਿਰਦਾਰ ਖਿਲਾਫ "ਭਾਜਪਾ ਨੂੰ ਸਜ਼ਾ ਦਿਓ" ਦੇ ਨਾਅਰੇ ਹੇਠ ਜ਼ਿਲ੍ਹਿਆਂ ਵਿੱਚ ਭਾਜਪਾ ਦੇ ਪੁਤਲੇ ਫੂਕਣ ਅਤੇ "ਪੁਰਾਣੀ ਪੈਨਸ਼ਨ ਵਿਰੋਧੀ ਭਾਜਪਾ ਲਈ ਮੇਰੇ ਘਰ ਦੇ ਬੂਹੇ ਬੰਦ ਹਨ" ਦੀ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਉਹਨਾਂ ਐੱਨ.ਪੀ.ਐੱਸ ਮੁਲਾਜ਼ਮਾਂ ਨੂੰ ਭਾਜਪਾ ਦੇ ਮੁੜ ਸੱਤਾ ਵਿੱਚ ਆਉਣੀ ਦੀ ਸਥਿਤੀ ਵਿੱਚ ਵਿਸ਼ਾਲ ਸਾਂਝੇ ਘੋਲਾਂ ਲਈ ਤਿਆਰ ਰਹਿਣ ਦੀ ਵੀ ਅਪੀਲ ਕੀਤੀ।

ਸੂਬਾਈ ਆਗੂਆਂ ਜਸਵਿੰਦਰ ਔਜਲਾ,ਸਤਪਾਲ ਸਮਾਣਵੀ,ਜਗਜੀਤ ਸਿੰਘ, ਨਵਜੋਤ ਸਿੰਘ, ਸੋਨੀਆ, ਕਵਲਜੀਤ ਸਿੰਘ, ਗਗਨਦੀਪ ਸਿੰਘ,ਰਾਜਵਿੰਦਰ ਸਿੰਘ ਨੇ ਕਿਹਾ ਕਿ ਜਿੱਥੇ ਭਾਜਪਾ ਪੁਰਾਣੀ ਪੈਨਸ਼ਨ ਦਾ ਐਲਾਨੀਆ ਵਿਰੋਧ ਕਰਦੀ ਹੈ ਉੱਥੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਨੇ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਕੇਵਲ ਚੁਣਾਵੀ ਪ੍ਰਾਪੇਗੰਡੇ ਵੱਜੋਂ ਵਰਤਿਆ ਹੈ, ਜਿਸ ਵਿੱਚ ਪੰਜਾਬ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਪ੍ਰਤੱਖ ਮਿਸਾਲ ਹੈ। ਜਿਸਨੇ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਕੀਤੇ ਜਾਣ ਦੇ ਬਾਵਜੂਦ ਪੁਰਾਣੀ ਪੈਨਸ਼ਨ ਅਮਲ ਵਿੱਚ ਲਾਗੂ ਨਹੀਂ ਕੀਤੀ ਹੈ। ਤਿੰਨ ਸੂਬਿਆਂ ਵਿੱਚ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਕਰਨ ਵਾਲੀ ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਪੁਰਾਣੀ ਪੈਨਸ਼ਨ ਦਾ ਕੋਈ ਜ਼ਿਕਰ ਨਹੀਂ ਕੀਤਾ ਹੈ। ਇਸੇ ਤਰਾਂ ਦੀ ਕਾਰਗੁਜ਼ਾਰੀ ਹੋਰਨਾਂ ਪਾਰਲੀਮਾਨੀ ਪਾਰਟੀਆਂ ਦੀ ਵੀ ਹੈ।ਉਹਨਾਂ ਕਿਹਾ ਕਿ ਫਰੰਟ ਵੱਲੋਂ ਇਹਨਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਪੁਰਾਣੀ ਪੈਨਸ਼ਨ ਦੇ ਮੁੱਦੇ ਤੇ ਸਵਾਲਨਾਮਿਆਂ ਰਾਹੀਂ ਘੇਰਿਆ ਜਾਵੇਗਾ। ਉਹਨਾਂ ਅਫਸੋਸ ਜ਼ਾਹਰ ਕੀਤਾ ਕਿ ਸਾਂਸਦ ਬਣ ਕੇ ਪੁਰਾਣੀ ਪੈਨਸ਼ਨ ਦਾ ਲਾਭ ਲੈਣ ਵਾਲੇ ਕਿਸੇ ਉਮੀਦਵਾਰ ਲਈ ਪੁਰਾਣੀ ਪੈਨਸ਼ਨ ਚੋਣ ਮੁੱਦਾ ਨਹੀਂ ਹੈ।

ਜ਼ਿਲਾ ਆਗੂਆਂ ਜਗਜੀਤ ਸਿੰਘ, ਨਵਜੋਤ ਸਿੰਘ, ਗਗਨਦੀਪ ਸਿੰਘ, ਸੋਨੀਆ ਰਾਣੀ, ਰਾਜਵਿੰਦਰ ਸਿੰਘ, ਲਖਵਿੰਦਰ ਸਿੰਘ, ਜੋਸ਼ੀਲ ਤਿਵਾੜੀ, ਹਰਿੰਦਰ ਸਿੰਘ, ਸੁਖਜਿੰਦਰ ਸਿੰਘ
ਨੇ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਫਰੰਟ ਵੱਲੋਂ ਸੂਬੇ ਵਿੱਚ ਪੁਰਾਣੀ ਪੈਨਸ਼ਨ ਦੇ ਮੁੱਦੇ ਤੇ ਮੁੜ ਸਾਂਝੀ ਲੜਾਈ ਵਿੱਢੀ ਜਾਵੇਗੀ।

## ਸਨੌਰ 'ਚ ਐਨ ਕੇ ਸ਼ਰਮਾ ਦੇ ਚੋਣ ਦਫਤਰ ਦਾ ਉਦਘਾਟਨ


Desi Punjab YouTube www.desipunjab.in



ਸਨੌਰ, 18 ਮਈ: ਸਨੌਰ ਕਸਬੇ ਵਿਚ ਪਟਿਆਲਾ ਪਾਰਲੀਮਾਨੀ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਐਨ ਕੇ ਸ਼ਰਮਾ ਦੇ ਚੋਣ ਦਫਤਰ ਦਾ ਉਦਘਾਟਨ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਕਰਤਾਰਪੁਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਸਮੇਰ ਸਿੰਘ ਲਾਛੜੂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਅਕਾਲੀ ਦਲ ਦੇ ਵਰਕਰ ਹਾਜ਼ਰ ਸਨ।
ਇਸ ਮੌਕੇ ਗੱਲਬਾਤ ਕਰਦਿਆਂ ਜਰਨੈਲ ਸਿੰਘ ਕਰਤਾਰਪੁਰ ਤੇ ਜਸਮੇਰ ਸਿੰਘ ਲਾਛੜੂ ਨੇ ਕਿਹਾ ਕਿ ਇਸ ਵਾਰ ਪਟਿਆਲਾ ਲੋਕ ਸਭਾ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਐਨ ਕੇ ਸ਼ਰਮਾ ਵੱਡੇ ਫਰਕ ਨਾਲ ਜਿੱਤਣਗੇ। ਉਹਨਾਂ ਕਿਹਾ ਕਿ ਪੰਜਾਬੀਆਂ ਨੇ ਮਹਿਸੂਸ ਕਰ ਲਿਆ ਹੈ ਕਿ ਦਿੱਲੀ ਦੀਆਂ ਪਾਰਟੀਆਂ ਤਾਂ ਕੇਵਲ ਉਹਨਾਂ ਨੂੰ ਲੁੱਟਣ ਲਈ ਹੀ ਪੰਜਾਬ ਆਉਂਦੀਆਂ ਹਨ। ਪਹਿਲਾਂ ਕਾਂਗਰਸ ਨੇ ਪੰਜ ਸਾਲ ਪੰਜਾਬ ਨੂੰ ਲੁੱਟਿਆ ਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਖ਼ਜ਼ਾਨੇ ਲੁੱਟ ਕੇ ਅਰਵਿੰਦ ਕੇਜਰੀਵਾਲ 'ਤੇ ਲੁਟਾ ਦਿੱਤੇ ਹਨ। ਦੋਵਾਂ ਆਗੂਆਂ ਨੇ ਕਿਹਾ ਕਿ ਦਿੱਲੀ ਦੀਆਂ ਪਾਰਟੀਆਂ ਧੋਖੇਬਾਜ਼ ਸਾਬਤ ਹੋਈਆਂ ਹਨ ਜਦੋਂ ਕਿ ਅਕਾਲੀ ਦਲ ਪੰਜਾਬੀਆਂ ਦੀ ਆਪਣੀ ਪਾਰਟੀ ਹੈ।
ਉਹਨਾਂ ਕਿਹਾ ਕਿ ਲੋਕ ਅਕਾਲੀ ਦਲ ਦੀ ਸਰਕਾਰ ਵੇਲੇ ਹੋਏ ਕੰਮਾਂ ਨੂੰ ਚੇਤੇ ਕਰਨ ਲੱਗ ਪਏ ਹਨ।
ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਸ਼ਮਨ ਸ਼ਰਮਾ, ਕ੍ਰਿਸ਼ਨ ਸਿੰਘ ਸਨੌਰ, ਅਰਜਨ ਸਿੰਘ ਸਨੌਰ, ਪ੍ਰੀਤਮ ਸਿੰਘ ਸਰਕਲ ਪ੍ਰਧਾਨ, ਨਿਸ਼ਾਨ ਸਿੰਘ ਮੰਗਾ, ਬਲਵੰਤ ਰਾਏ, ਝੋਟਾ ਸਿੰਘ, ਸੁਖਦੀਪ ਸਿੰਘ, ਮਹਾਂਵੀਰ ਸਿੰਘ ਕੌਂਸਲਰ, ਕਰਮ ਸਿੰਘ ਕੌਂਸਲਰ, ਬਿੰਦਰ ਸਿੰਘ ਕੌਂਸਲਰ, ਲਖਵਿੰਦਰ ਸਿੰਘ ਲੱਖ, ਭੁਪਿੰਦਰ ਸਿੰਘ, ਹਰਮਿੰਦਰ ਸਿੰਘ ਜੋਗੀਪੁਰ ਤੇ ਹਰਵਿੰਦਰ ਸਿੰਘ ਗਗਰੌਲੀ ਵੀ ਹਾਜ਼ਰ ਸਨ।

## ਪ੍ਰਨੀਤ ਕੌਰ ਨੇ ਰਾਜੀਵ ਗਾਂਧੀ ਯੂਨੀਵਰਸਿਟੀ ਆਫ਼ ਲਾਅ ਦੇ ਚਾਰ ਵਿਦਿਆਰਥੀਆਂ ਦੀ ਸੜਕ ਹਾਦਸੇ ਵਿੱਚ ਮੌਤ 'ਤੇ ਡੂੰਘੇ ਦੁੱਖ ਦਾ ਕੀਤਾ ਪ੍ਰਗਟਾਵਾ

Desi Punjab YouTube www.desipunjab.in



ਪਟਿਆਲਾ 18 ਮਈ
ਭਾਰਤੀ ਜਨਤਾ ਪਾਰਟੀ ਦੀ ਪਟਿਆਲਾ ਲੋਕ ਸਭਾ ਸੀਟ ਤੋਂ ਉਮੀਦਵਾਰ ਪ੍ਰਨੀਤ ਕੌਰ ਨੇ ਭਾਦਸੋਂ ਰੋਡ 'ਤੇ ਰਾਜੀਵ ਗਾਂਧੀ ਯੂਨੀਵਰਸਿਟੀ ਆਫ਼ ਲਾਅ ਦੇ ਚਾਰ ਵਿਦਿਆਰਥੀਆਂ ਦੀ ਸੜਕ ਹਾਦਸੇ ਵਿੱਚ ਮੌਤ ਹੋਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਵਾਹਿਗੁਰੂ ਬੱਚਿਆਂ ਦੇ ਮਾਪਿਆਂ ਨੂੰ ਇਹ ਦੁੱਖ ਸਹਿਣ ਦਾ ਬਲ ਬਖਸ਼ਣ ਅਤੇ ਚਾਰੋਂ ਬੱਚਿਆਂ ਦੀ ਆਤਮਾ ਨੂੰ ਸ਼ਾਂਤੀ ਦੇਣ।

ਭਾਜਪਾ ਆਗੂ ਪ੍ਰਨੀਤ ਕੌਰ ਨੇ ਕਿਹਾ ਕਿ ਮਾਂ ਹੋਣ ਦੇ ਨਾਤੇ ਉਹ ਸਾਰੇ ਬੱਚਿਆਂ ਨੂੰ ਅਪੀਲ ਕਰਦੇ ਹਨ ਕਿ ਉਹ ਕੋਈ ਵੀ ਵਾਹਨ ਚਲਾਉਂਦੇ ਸਮੇਂ ਜਲਦਬਾਜ਼ੀ ਨਾ ਕਰਨ।

ਹਰ ਬੱਚੇ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਘਰ ਵਿੱਚ ਕੋਈ ਨਾ ਕੋਈ ਉਨ੍ਹਾਂ ਦੀ ਉਡੀਕ ਕਰ ਰਿਹਾ ਹੈ ਅਤੇ ਉਹ ਉਨ੍ਹਾਂ ਦੇ ਮਾਪਿਆਂ ਦਾ ਭਵਿੱਖ ਹਨ। ਕਿਸੇ ਵੀ ਬੱਚੇ ਨੂੰ ਇਹ ਅਧਿਕਾਰ ਨਹੀਂ ਹੈ ਕਿ ਉਹ ਆਪਣੀ ਕਿਸੇ ਛੋਟੀ ਜਿਹੀ ਗਲਤੀ ਕਾਰਨ ਬੁਢਾਪੇ ਵਿੱਚ ਆਪਣੇ ਮਾਪਿਆਂ ਦਾ ਸਹਾਰਾ ਖੋਹ ਲੈਣ। ਕੋਈ ਵੀ ਖੁਸ਼ੀ ਮਨਾਉਣ ਲਈ ਇਹ ਜ਼ਰੂਰੀ ਨਹੀਂ ਕਿ ਅਸੀਂ ਸੜਕਾਂ 'ਤੇ ਉਤਰੀਏ। ਜੇਕਰ ਅਸੀਂ ਆਪਣੀ ਸੀਮਾ ਵਿੱਚ ਰਹਿ ਕੇ ਕੋਈ ਖੁਸ਼ੀ ਮਨਾਉਂਦੇ ਹਾਂ ਤਾਂ ਇਸ ਦਾ ਬੱਚਿਆਂ, ਵਿੱਦਿਅਕ ਅਦਾਰਿਆਂ ਅਤੇ ਬੱਚਿਆਂ ਦੇ ਪਰਿਵਾਰਾਂ ਨੂੰ ਜ਼ਿਆਦਾ ਫਾਇਦਾ ਹੋਵੇਗਾ।

## ਐਸ. ਡੀ. ਓ ਬਿਜਲੀ ਬੋਰਡ ਫਤਿਹਗੜ੍ਹ ਚੂੜੀਆਂ ਦੇ ਖਿਲਾਫ ਅੱਜ ਦੂਸਰੇ ਦਿੱਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਅਤੇ ਕਿਸਾਨਾਂ ਵੱਲੋਂ ਅਣਮਿੱਥੇ ਸਮੇਂ ਲਈ ਧਰਨਾ ਜਾਰੀ

ਬਟਾਲਾ /ਫ਼ਤਹਿਗੜ੍ਹ ਚੂੜੀਆਂ 18 ਮਈ (ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ ) ਅੱਜ ਦੂਸਰੇ ਦਿਨ ਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਫ ਗ ਚੂੜੀਆਂ ਦੇ ਕਿਸਾਨਾਂ ਵੱਲੋਂ ਪੰਜਾਬ ਰਾਜ ਬਿਜਲੀ ਬੋਰਡ ਫ ਗ ਚੂੜੀਆਂ ਦੇ ਸਿਟੀ ਐਸ ਡੀ ਓ ਦੇ ਖਿਲਾਫ 17 ਮਈ ਤੋਂ ਅਣਮਿੱਥੇ ਸਮੇਂ ਲਈ ਧਰਨਾ ਲਾਇਆ ਗਿਆ ਅੱਜ ਦੂਸਰੇ ਦਿਨ ਵੀ ਕਿਸਾਨਾਂ ਨੇ ਐਸ ਡੀ ਓ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਮੰਜਿਆਵਾਲੀ ਤੇ ਜ਼ਿਲ੍ਹਾ ਸਕੱਤਰ ਦਲਜੀਤ ਸਿੰਘ ਨੇ ਕਿਹਾ ਕਿ ਪਿੰਡ ਚਿਤੌੜਗੜ੍ਹ ਦੇ ਅਮਰ ਸਿੰਘ ਨਾਮ ਵਾਲੇ ਟ੍ਰਾਂਸਫਾਰਮਰ ਵਾਲਾ ਫੀਡਰ ਤੋਂ



ਬਲਬੀਰ ਸਿੰਘ ਗੁਰਪਾਲ ਸਿੰਘ ਦੀ ਖੇਤੀ ਮੋਟਰਾਂ ਦੀਆਂ ਤਾਰਾਂ ਪਿਛਲੇ ਤਿੰਨ ਮਹੀਨਿਆਂ ਤੋਂ ਚੋਰੀ ਹੋ ਗਾਈਆ ਸਨ ਅਤੇ ਪਿੰਡ ਬੇਰੀਆਵਾਲਾ ਦੇ ਗੁਰਮੀਤ ਸਿੰਘ ਦੇ ਨਾਮ ਵਾਲੇ ਟ੍ਰਾਂਸਫਾਰਮਰ ਤੋਂ ਮਾਨ ਸਾਹਿਬ ਦੀਆਂ ਮੋਟਰਾਂ ਦੀਆਂ ਤਾਰਾਂ ਚੋਰੀ ਪਿਛਲੇ ਚਾਰ ਮਹੀਨਿਆਂ ਤੋਂ ਚੋਰੀ ਹੋ ਗਾਈਆਂ ਹਨ ਇਸ ਸਬੰਧੀ ਕਿਸਾਨਾਂ ਵੱਲੋਂ ਲਿਖਤੀ ਦਰਖਾਸਤਾ ਦਿਤੀਆਂ ਗਈਆਂ ਹਨ ਪਰ ਚਾਰ ਮਹੀਨੇ ਬੀਤਣ ਦੇ ਬਾਵਜੂਦ ਵੀ ਐਸ ਡੀ ਓ ਸਿਟੀ ਦੇ ਕੱਨ ਤੇ ਜੂੰਆ ਨਹੀਂ ਸਰਕੀ ਅੱਕ ਕੇ ਕਿਸਾਨਾਂ ਵੱਲੋਂ ਅਣਮਿੱਥੇ ਸਮੇਂ ਲਈ ਧਰਨਾ ਜਾਰੀ ਕਰ ਦਿੱਤਾ ਗਿਆ। ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕਿਸਾਨਾਂ ਦੀਆਂ ਖੇਤੀ ਮੋਟਰਾਂ ਦੀਆਂ ਤਾਰਾਂ ਬਿਜਲੀ ਮਹਿਕਮੇ ਵੱਲੋਂ ਪਾਈਆਂ ਨਹੀਂ ਜਾਂਦੀਆਂ ਅਤੇ ਨਾਲ ਹੀ ਕਿਸਾਨਾਂ ਨੇ ਕਿਹਾ ਕਿ ਜਿਨ੍ਹਾਂ ਖਪਤਕਾਰਾਂ ਦੇ ਘਰੇਲੂ ਮੀਟਰ ਸੜੇ ਹਨ ਉਹਨਾਂ ਖਪਤਕਾਰਾਂ ਨੂੰ ਬਿਜਲੀ ਮਹਿਕਮਾ ਅੰਦਾਜ਼ਨ ਬਿੱਲ ਭੇਜ ਰਿਹਾ ਹੈ ਜੋ ਕਿ ਖਪਤਕਾਰਾਂ ਨਾਲ ਸ਼ਰੇਆਮ ਧੱਕਾ ਕੀਤਾ ਜਾ ਰਿਹਾ ਹੈ । ਇਸ ਮੌਕੇ ਰੁਪਿੰਦਰ ਜੀਤ ਸਿੰਘ ਮਾਲੇਵਾਲ, ਸਿਮਰਨਜੋਤ ਸਿੰਘ,ਮੂਲੋਵਾਲ ,ਅਜ਼ੀਤ ਸਿੰਘ, ਕੁਲਦੀਪ ਸਿੰਘ, ਸੁਖਵੰਤ ਸਿੰਘ ਖੋਖਰ, ਨਿਸ਼ਾਨ ਸਿੰਘ ਘੜੀਏ ਕੇ, ਕੇਂਵਲ ਸਿੰਘ ਠਠਾ, ਬਲਵਿੰਦਰ ਸਿੰਘ, ਜਰਨੈਲ ਸਿੰਘ ਮੰਜਿਆਵਾਲੀ, ਅਮਨਦੀਪ ਸਿੰਘ ਮੰਗੀਆਂ ,ਜਗਮੀਤ ਸਿੰਘ, ਉੱਤਮ ਸਿੰਘ ਕਠਿਆਲਾ, ਹਰਜਿੰਦਰ ਸਿੰਘ, ਬੂੜ ਸਿੰਘ, ਗੁਰਚਰਨ ਸਿੰਘ ਬੇਰੀਵਾਲਾ ਤੋਂ ਇਲਾਵਾ ਹੋਰ ਵੀ ਕਿਸਾਨ ਮੌਜੂਦ ਸਨ।

## ਜੈਤੋ ਵਿਖੇ 22 ਮਈ ਨੂੰ ਮਨਾਇਆ ਜਾਵੇਗਾ ਮਾਤਾ ਚਿੰਤਪੁਰਨੀ ਦਾ ਜਨਮ ਦਿਨ ਉਤੱਸਵ

ਜੈਤੋ 18 ਮਈ (ਰਘੂਨੰਦਨ ਪਰਾਸ਼ਰ) ਜੈਤੋ ਦੀ ਸਮਾਜ ਸੇਵੀ ਸੰਸਥਾ ਮਾਂ ਚਿੰਤਪੁਰਨੀ ਚੈਰੀਟੇਬਲ ਟਰੱਸਟ (ਰਜਿ.) ਜੈਤੋ (ਜੈਤੋ ਵਾਲਿਆਂ ਦੀ ਧਰਮਸ਼ਾਲਾ ਚਿੰਤਪੁਰਨੀ) ਵਾਲਿਆਂ ਵੱਲੋਂ ਮਾਤਾ ਚਿੰਤਪੂਰਨੀ ਜੀ ਦਾ ਜਨਮ ਦਿਨ ਉਤੱਸਵ ਬੜੀ ਸ਼ਰਧਾ ਤੇ ਧੂਮਧਾਮ ਨਾਲ 22 ਮਈ ਦਿਨ ਬੁੱਧਵਾਰ ਨੂੰ ਰਾਤ 8 ਵਜੇ ਪੰਚਾਇਤੀ ਗਊਸ਼ਾਲਾ ਜੈਤੋ ਵਿਖੇ ਮਨਾਇਆ ਜਾ ਰਿਹਾ ਹੈ। ਮਾਤਾ ਜੀ ਦਾ ਦਰਬਾਰ ਮਾਤਾ ਚਿੰਤਪੁਰਨੀ ਜੀ ਦੀ ਪਿੰਡੀ ਦੇ ਰੂਪ ਵਿੱਚ ਤਿਆਰ ਕੀਤਾ ਜਾਵੇਗਾ। ਇਸ ਮੌਕੇ ਸੁੰਦਰ -ਸੁੰਦਰ ਝਾਕੀਆਂ ਦਿਖਾਈਆਂ ਜਾਣਗੀਆਂ। ਦਰਬਾਰ ਵਾਲੇ ਪੰਡਾਲ ਨੂੰ ਰੰਗ- ਬਿਰੰਗੀਆਂ ਲਾਈਟਾਂ, ਚੁੰਨੀਆਂ ਤੇ ਰੰਗ ਬਿਰੰਗੇ ਗਵਾਰਿਆਂ ਨਾਲ ਸਜਾਇਆ ਜਾਵੇਗਾ। ਦਰਬਾਰ ਵਿਖੇ ਨਤਮਸਤਕ ਹੋਣ ਆਏ ਭਗਤਾਂ ਲਈ ਵਿਸ਼ਾਲ ਭੰਡਾਰੇ ਦਾ ਪ੍ਰਬੰਧ ਜੈਤੋ ਦੇ ਭਗਤਾਂ ਦੇ ਸਹਿਯੋਗ ਨਾਲ ਟ੍ਰਸਟ ਵੱਲੋਂ ਕੀਤਾ ਜਾਵੇਗਾ। ਜੈਤੋ ਦੇ ਮਾਂ ਚਿੰਤਪੁਰਨੀ ਦੇ ਲਾਡਲੇ ਭਗਤਾਂ ਵੱਲੋਂ ਮਾਤਾ ਦੀ ਚੌਂਕੀ ਦਾ ਗੁਣਗਾਣ ਕੀਤਾ ਜਾਵੇਗਾ। ਰਾਤ ਨੂੰ 11:55 ਵਜੇ ਦੇ ਕਰੀਬ ਆਰਤੀ ਪੂਜਾ ਕੀਤੀ ਜਾਵੇਗੀ ਤੇ ਮਾਤਾ ਜੀ ਨੂੰ ਅਲੱਗ- ਅਲੱਗ ਪ੍ਰਕਾਰ ਦਾ ਪ੍ਰਸ਼ਾਦ ਲਗਾਇਆ ਜਾਵੇਗਾ ਤੇ ਭਗਤਾਂ ਨੂੰ ਵੰਡਿਆ ਜਾਵੇਗਾ।

## ਸ਼ੇਰਗੜ੍ਹ ਚੀਮਾ ਸਕੂਲ ਦਾ ਦਸਵੀਂ, ਬਾਰਵੀਂ ਦਾ ਨਤੀਜਾ ਰਿਹਾ ਚੰਗਾ

ਮਲੇਰਕੋਟਲਾ, 18 ਮਈ (ਗੁਰਤੇਜ ਜੋਸੀ) ਬੀਤੇ ਦਿਨੀਂ ਸੀ. ਬੀ. ਐੱਸ. ਈ ਬੋਰਡ ਵੱਲੋਂ ਐਲਾਨੇ ਦਸਵੀਂ ਅਤੇ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਮਾਡਰਨ ਸੈਕੂਲਰ ਪਬਲਿਕ ਸਕੂਲ ਸ਼ੇਰਗੜ੍ਹ ਚੀਮਾਂ ਦੇ ਵਿਦਿਆਰਥੀਆਂ ਨੇ ਮੱਲਾ ਮਾਰੀਆਂ।




ਸਕੂਲ ਦੇ ਵਿਦਿਆਰਥੀਆਂ ਵੱਲੋਂ ਵਧੀਆ ਪ੍ਰਦਰਸ਼ਨ ਕਰਦਿਆ ਕਾਮਰਸ ਗਰੁੱਪ ਵਿੱਚੋਂ ਸਹਿਜਪ੍ਰੀਤ ਕੌਰ (94.2%) ਨੇ ਪਹਿਲਾ ਸਥਾਨ, ਗੁਰਜੋਤ ਕੌਰ (91%)ਨੇ ਦੂਜਾ, ਜਸ਼ਨਪ੍ਰੀਤ ਕੌਰ ਸੰਧੂ (89%) ਨੇ ਤੀਜਾ, ਆਰਟਸ ਗਰੁੱਪ ਵਿੱਚੋਂ ਪਵਨਦੀਪ ਕੌਰ (85%) ਨੇ ਪਹਿਲਾ ਸਥਾਨ, ਸਾਮੀਆ (83.4%) ਨੇ ਦੂਜਾ, ਕੈਵਨਪ੍ਰੀਤ ਕੌਰ (83.2%) ਨੇ ਤੀਜਾ ਅਤੇ ਸਾਇੰਸ ਗਰੁੱਪ ਵਿੱਚੋਂ ਜਸਮਨਪ੍ਰੀਤ ਕੌਰ (89.4%) ਨੇ ਪਹਿਲਾ ਸਥਾਨ, ਪ੍ਰਭਜੋਤ ਕੌਰ (85.2%) ਨੇ ਦੂਜਾ, ਹਰਸ਼ਪ੍ਰੀਤ ਸਿੰਘ (77%) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀਆਂ ਕਾਮਰਸ ਗਰੁੱਪ ਦੇ ਨੇ ਵਿਸ਼ਾ ਵਾਇਜ ਅਕਾਊਂਟਸ ਵਿੱਚੋਂ 98 ਨੰਬਰ ਬਿਜਨਸ ਸਟੱਡੀ ਵਿੱਚੋਂ 97 ਨੰਬਰ, ਸਾਇੰਸ ਗਰੁੱਪ ਵਿੱਚ ਕੈਮਿਸਟਰੀ ਵਿੱਚੋਂ 94 ਨੰਬਰ ਅਤੇ ਆਰਟਸ ਗਰੁੱਪ ਵਿੱਚ ਪੰਜਾਬੀ ਵਿੱਚੋਂ 97 ਨੰਬਰ ਪ੍ਰਾਪਤ ਕਰਕੇ ਆਪਣੇ ਅਧਿਆਪਕਾਂ ਦਾ ਮਾਣ ਵਧਾਇਆ।

ਦਸਵੀਂ ਜਮਾਤ ਵਿੱਚੋਂ ਅਨਰੀਤ ਕੌਰ (92.6%) ਨੇ ਪਹਿਲਾ ਸਥਾਨ, ਕਿਰਨਦੀਪ ਕੌਰ (91.2%) ਨੇ ਦੂਜਾ ਅਤੇ ਮਨਰੀਤ ਕੌਰ (89.4%) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦਾ ਨਤੀਜਾ 100% ਰਿਹਾ। ਪ੍ਰਿੰਸੀਪਲ ਡਾ. ਪੁਨੀਤ ਅਮਨਦੀਪ ਸਿੰਘ ਸੋਹੀ ਨੇ ਵਿਦਿਆਰਥੀਆਂ ਵੱਲੋਂ ਦਿਖਾਈ ਵਧੀਆ ਕਾਰਗੁਜ਼ਾਰੀ ਤੇ ਖੁਸ਼ੀ ਪ੍ਰਗਟ ਕਰਦਿਆਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਇਸੇ ਤਰ੍ਹਾਂ ਸਖ਼ਤ ਮਿਹਨਤ ਕਰਕੇ ਆਪਣੀਆਂ ਮੰਜਿਲਾਂ ਪ੍ਰਾਪਤ ਕਰਨ ਦਾ ਸੁਨੇਹਾ ਦਿੱਤਾ।

## ਚੋਣ ਅਮਲੇ ਦੀਆਂ ਡਿਊਟੀਆਂ ਨੇੜੇ ਅਤੇ ਮਹਿਲਾ ਮੁਲਾਜ਼ਮਾ ਨੂੰ ਪੀ ਓ ਲਗਾਉਣ ਦੀ ਮੰਗ

ਦਲਵਿੰਦਰ ਸਿੰਘ ਮਨੋਚਾ, ਗੜ੍ਹਸ਼ੰਕਰ- ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਚੋਣ ਕਮਿਸ਼ਨ ਵੱਲੋਂ ਮਰਦ ਮੁਲਾਜ਼ਮਾਂ ਦੀਆਂ ਡਿਊਟੀਆਂ ਦੂਰ-ਦੂਰ ਅਤੇ ਮਹਿਲਾ ਮੁਲਾਜ਼ਮਾਂ ਨੂੰ ਪੀਆਰਓ ਲਗਾਉਣ ਦੀ ਸਖ਼ਤ ਇਤਰਾਜ਼ ਜ਼ਾਹਿਰ ਕਰਦਿਆਂ ਰੋਸ ਪ੍ਰਗਟਾਇਆ ਹੈ ।





ਡੈਮੋਕਰੇਟਿਕ ਟੀਚਰ ਫਰੰਟ ਪੰਜਾਬ ਦੇ ਆਗੂਆਂ ਸੂਬਾ ਜਨਰਲ ਸਕੱਤਰ ਮੁਕੇਸ਼ ਕੁਮਾਰ,ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਸੰਦੀਪ ਗਿੱਲ ਅਤੇ ਬਲਕਾਰ ਮਘਾਣੀਆ ਨੇ ਕਿਹਾ ਕਿ ਫਰੰਟ ਪਿਛਲੇ ਲੰਬੇ ਸਮੇਂ ਤੋਂ ਚੋਣਾਂ ਵਿੱਚ ਮੁਲਾਜ਼ਮਾਂ ਦੀਆਂ ਡਿਊਟੀਆਂ ਉਨ੍ਹਾਂ ਦੇ ਕੰਮ ਕਰਨ ਵਾਲੇ ਸਥਾਨਾਂ ਤੇ ਬਲਾਕਾਂ ਵਿੱਚ ਲਗਾਉਣ ਦੀ ਮੰਗ ਕਰ ਰਿਹਾ ਹੈ। ਇਸ ਵਾਰ ਮਹਿਲਾ ਅਧਿਆਪਕਾਂ ਨੂੰ ਬਲਾਕਾਂ ਵਿੱਚ ਲਗਾਇਆ ਗਿਆ ਹੈ ਪਰ ਬਹੁਤ ਸਾਰੀਆਂ ਮਹਿਲਾ ਅਧਿਆਪਕਾਂ ਨੂੰ ਪੀਆਰਓ ਵੀ ਲਗਾ ਦਿੱਤਾ ਗਿਆ ਹੈ ਤੇ ਨਵ-ਨਿਯੁਕਤ ਅਧਿਆਪਕਾਂ ਨੂੰ ਸਿੱਧਾ ਪੀ ਆਰ ਓ ਦੀ ਡਿਊਟੀ ਲਗਾ ਦਿੱਤੀ ਗਈ ਹੈ ।ਇਸ ਤੋਂ ਇਲਾਵਾ ਮਰਦ ਅਧਿਆਪਕਾਂ ਨੂੰ ਉਨ੍ਹਾਂ ਦੇ ਕੰਮ ਕਰਨ ਵਾਲੇ ਸਟੇਸ਼ਨਾਂ ਤੋਂ 100 -100 ਕਿਲੋਮੀਟਰ ਦੂਰ ਲਗਾ ਦਿੱਤਾ ਗਿਆ ਹੈ। ਡੀਟੀਐੱਫ ਵੱਲੋਂ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਸਮੂਹ ਚੋਣ ਅਮਲੇ ਦੀ ਡਿਊਟੀਆਂ ਨੇੜੇ ਅਤੇ ਮਹਿਲਾ ਪੀ.ਆਰ.ਓ. ਨੂੰ ਬਦਲ ਕੇ ਏ.ਪੀ.ਆਰ.ਓ. ਤੇ ਪੀ.ਓ. ਦੀ ਡਿਊਟੀ ਲਗਾਈ ਜਾਵੇ ।

## ਐਸਕੋਰਟ ਗੋਇਜ਼ਟੇ ਵੱਲੋਂ ਮੁਲਾਜ਼ਮਾਂ ਦਾ ਕੀਤਾ ਗਿਆ ਸਨਮਾਨ

ਐਸਕੋਰਟ ਗੋਇਜ਼ਟੇ ਮੁਲਾਜਮ ਯੂਨੀਅਨ ਵੱਲੋਂ ਬਹੁਤ ਹੀ ਸਤਿਕਾਰਯੋਗ ਹਰਮਨ ਪਿਆਰੇ ਵਰਕਰ ਕੁਸ਼ਲਿੰਦਰ ਕੁਮਾਰ ਸ਼ਰਮਾ ਨੂੰ ਉਨਾਂ ਦੀ 35 ਸਾਲ ਦੀ ਨੌਕਰੀ ਪੂਰੀ ਹੋਣ ਤੇ ਇੰਪਲੋਏ ਸਰਵਿਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਯੂਨੀਅਨ ਦੇ ਪ੍ਰਧਾਨ ਮਸਤਾਨ ਸਿੰਘ ਵਿਰਕ, ਜਨਰਲ ਸਕੱਤਰ ਗੁਰਬਾਜ ਸਿੰਘ ਭੰਗੂ, ਕੈਸ਼ੀਅਰ ਕੁਲਜੀਤ ਸਿੰਘ ਦੀ ਅਗਵਾਈ ਹੇਠ ਡਾਈ



ਸੈਕਸ਼ਨ ਦੇ ਪ੍ਰਧਾਨ ਹਰਜੰਟ ਸਿੰਘ ਭੱਲਾ ਅਤੇ ਡਾਈ ਸੈਕਸ਼ਨ ਦੇ ਅਫਸਰ ਸਹਿਬਾਨ ਸੁਰੇਸ਼ ਕਪੂਰ, ਸੌਰਵ ਸੈਣੀ, ਅਮਨਦੀਪ ਠਾਕੁਰ ਅਤੇ ਡਾਈ ਉਣੀ ਸੈਕਸ਼ਨ ਦੇ ਵਰਕਰ ਸਹਿਬਾਨ ਜਸਪ੍ਰੀਤ ਸਿੰਘ,ਨਰੇਸ਼ ਕੁਮਾਰ,ਪਾਵਨ ਦਾਸ ਵੱਲੋਂ 35 ਸਾਲਾਂ ਸਰਵਿਸ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

## ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਸੰਬੰਧ ਵਿੱਚ ਸੁਖਮਨੀ ਸਾਹਿਬ ਦੇ ਪਾਠ ਜਾਰੀ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਨਾਮ ਬਾਣੀ ਦੇ ਰਸੀਏ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਸੰਬੰਧ ਵਿੱਚ ਸੁਖਮਨੀ ਸਾਹਿਬ ਦੇ ਪਾਠ ਜਾਰੀ ਹਨ। ਗੁਰਦੁਆਰਾ ਸਾਹਿਬ ਦੀ ਪ੍ਰਧਾਨ ਕਰਨੈਲ ਸਿੰਘ ਨੇ ਦੱਸਿਆ ਕਿ 1 ਮਈ ਤੋਂ ਸੁਖਮਨੀ ਸਾਹਿਬ ਦੇ ਪਾਠ ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਸ਼ਾਮ 4 ਵਜੇ ਤੋਂ 6 ਵਜੇ ਤੱਕ ਹੋ ਰਹੇ ਹਨ । ਇਹ ਪਾਠ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਭਾਵ 10 ਜੂਨ ਤੱਕ ਲਗਾਤਾਰ ਹੋਣਗੇ। ਉਹਨਾਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।




## ਕਾਂਗਰਸ ਪਾਰਟੀ ਵੇਲੇ ਗਰੀਬ ਪਰਿਵਾਰਾਂ ਨੂੰ 30 ਕਿਲੋ ਕਣਕ ਮਿਲਦੀ ਸੀ ਅਤੇ ਨੇ ਆਮ ਪਾਰਟੀ ਸਰਕਾਰ ਵੇਲੇ ਹੁਣ 5 ਕਿਲੋ ਕਣਕ ਦਿੱਤੀ ਜਾ ਰਹੀ - ਕੁਲਬੀਰ ਸਿੰਘ ਜ਼ੀਰਾ

### ਲੋਕ ਸਭਾ ਖਡੂਰ ਸਾਹਿਬ ਤੋ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਡੈਨੀ ਬੰਡਾਲਾ ਵੱਲੋਂ ਚੋਣ ਪ੍ਰਚਾਰ ਜ਼ੋਰਾਂ ਸ਼ੋਰਾਂ,ਚ

ਬਾਬਾ ਬਕਾਲਾ ਸਾਹਿਬ 18 ਮਈ ( ਮਲਕੀਤ ਸਿੰਘ ਚੀਦਾ ) ਹਲਕਾ ਜੰਡਿਆਲਾ ਗੁਰੂ ਅਧੀਨ ਪੈਂਦੇ ਪਿੰਡਾ ਵਿੱਚ ਸਾਬਕਾ ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੀ ਅਗਵਾਈ ਵਿੱਚ ਹਲਕਾ ਜੰਡਿਆਲਾ ਗੁਰੂ ਦੇ ਅਧੀਨ ਪੈਂਦੇ ਵੱਖ ਵੱਖ ਪਿੰਡਾ,ਚ ਰੈਲੀਆਂ ਅਤੇ ਮੀਟਿੰਗ ਕੀਤੀ ਗਈਆ ਅਤੇ ਹਲਕਾ ਖੰਡੂਰ ਸਾਹਿਬ ਤੋ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੇ ਚੋਣ ਪ੍ਰਚਾਰ ਕੀਤਾ ਗਿਆ ਅਤੇ ਯਕੀਨ ਦਿਵਾਇਆ ਕਿ ਭਾਰੀ ਲੀਡ ਹਲਕਾ ਜੰਡਿਆਲਾ ਗੁਰੂ ਵਿੱਚੋਂ ਜਿੱਤ ਪ੍ਰਾਪਤ ਕਰਵਾ ਗਏ ਅਤੇ ਮੀਟਿੰਗ ਅਤੇ ਰੈਲੀਆਂ ਵਿੱਚ ਸ਼ਾਮਲ ਹੋਏ ਹਲਕਾ ਜੰਡਿਆਲਾ ਗੁਰੂ ਸਰਪੰਚਾਂ ਪੰਚਾਂ ਵੱਖ ਵੱਖ ਆਹੁਦੇਦਾਰਾਂ ਅਤੇ ਕਾਂਗਰਸੀ ਵਰਕਰਾਂ ਹਿੱਸਾ ਲਿਆ।



ਇਸ ਮੀਟਿੰਗ ਅਤੇ ਰੈਲੀ ਨੂੰ ਸੰਬੋਧਨ ਕਰਦਿਆਂ ਹੋਏ ਹਲਕਾ ਖੰਡੂਰ ਸਾਹਿਬ ਦੇ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਜ਼ੋ ਕਾਂਗਰਸ ਪਾਰਟੀ ਦੀ ਸਰਕਾਰ ਉਸ ਟਾਈਮ ਗਰੀਬ ਪਰਿਵਾਰ ਨੂੰ ਰਾਸ਼ਨ ਡੀਪੂ ਵਾਲੀ ਕਣਕ 30 ਕਿਲੋ ਕਣਕ ਮਿਲਦੀ ਸੀ ਅਤੇ ਜਦੋਂ ਦੀ ਪੰਜਾਬ ਵਿੱਚ ਆਮ ਪਾਰਟੀ ਦੀ ਬਣੀ ਹੈ ਉਸ ਵੇਲੇ ਦੀ ਗਰੀਬਾਂ ਨੂੰ ਕਣਕ 5 ਕਿਲੋ ਮਿਲ ਰਹੀ ਹੈ ਅਤੇ ਉਨ੍ਹਾ ਕਿਹਾ ਕਿ ਇੱਕ ਜੂਨ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਕਾਂਗਰਸ ਪਾਰਟੀ ਪੰਜਾਬ ਚੋਂ 13 ਦੀਆਂ 13 ਹੀ ਕਾਂਗਰਸ ਪਾਰਟੀ ਜਿੱਤ ਪ੍ਰਾਪਤ ਕਰੇਗੀ ਅਤੇ ਆਮ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਾਵੇਗਾ ਅਤੇ ਦਿੱਲੀ ਵਿੱਚ ਸੈਂਟਰ ਦੀ ਸਰਕਾਰ ਕਾਂਗਰਸ ਪਾਰਟੀ ਦੀ ਬਣੇਗੀ।

ਡੈਨੀ ਬੰਡਾਲਾ ਨੇ ਕਿਹਾ ਕਿ ਹਲਕਾ ਜੰਡਿਆਲਾ ਗੁਰੂ ਦੇ ਅਧੀਨ ਪੈਂਦੇ ਪਿੰਡਾਂ ਦੀਆਂ ਸੜਕਾਂ ਕਾਗਰਸ ਪਾਰਟੀ ਨੇ ਪਾਸ ਮੈਂ ਕਰਵਾਈਆ ਅਤੇ ਆਮ ਪਾਰਟੀ ਦੇ ਆਗੂ ਦਾ ਝੂਠਾ ਨਿਆਰੇ ਵਿਕਾਸ ਦਾ ਲਾਈ ਜਾਂਦੇ ਹਨ,ਅਤੇ ਮੋਕੇ,ਤੇ ਹਲਕਾ ਖਡੂਰ ਸਾਹਿਬ ਤੋ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ ਦੀ ਵਰਕਰਾਂ ਜਿੱਤਉਣ ਦੀ ਕੀਤੀ ਅਪੀਲ ਇਸ ਮੋਕੇ,ਤੇ ਨਾਲ ਚੈਅਰਮੈਨ ਹਰਜੀਤ ਸਿੰਘ ਬੰਡਾਲਾ ਅਵਤਾਰ ਸਿੰਘ ਟੱਕਰ ਜਾਣੀਆ ਬਲਾਕ ਸੰਮਤੀ ਮੈਂਬਰ ਪਰਮਜੀਤ ਸਿੰਘ ਪੰਮਾ ਨੰਗਲ ਗੁਰੂ ਜਗਜੀਤ ਸਿੰਘ ਜੱਗੀ ਬੰਡਾਲਾ ਪੀ ਏ ਗੁਰਪ੍ਰੀਤ ਸਿੰਘ ਗੋਪੀ ਬੰਡਾਲਾ ਸਰਪੰਚ ਦਿਲਬਾਗ ਸਿੰਘ ਵਡਾਲਾ ਜੋਹਲ ਸਰਪੰਚ ਮਲਕੀਤ ਸਿੰਘ ਸਰਜਾ ਮੈਂਬਰ ਲੱਖਵਿੰਦਰ ਸਿੰਘ ਲੱਖਾ ਗਹਿਰੀ ਮੰਡੀ ਪੰਜਾਬ ਸਿੰਘ ਵਡਾਲਾ ਜੋਹਲ ਮੈਂਬਰ ਰਾਜ ਅਮਰਜੀਤ ਸਿੰਘ ਕਨੇਡੀ ਗਹਿਰੀ ਮੰਡੀ ਮਨਜਿੰਦਰ ਸਿੰਘ ਮੰਨਾ ਵਡਾਲਾ ਜੋਹਲ ਡਾਕਟਰ ਲਖਵਿੰਦਰ ਸਿੰਘ ਬੰਡਾਲਾ ਪੀ ਏ ਜਸਵਿੰਦਰ ਸਿੰਘ ਦਸਮੇਸ ਨਗਰ ਰਾਜਬੀਰ ਸਿੰਘ ਰਾਜੂ ਨਾਮਧਾਰੀ ਵਡਾਲਾ ਜੋਹਲ ਦਲਬੀਰ ਸਿੰਘ ਗੱਬਰ ਦੇਵੀਦਾਸ ਪੁਰ ਪ੍ਰਧਾਨ ਹਰਪ੍ਰੀਤ ਸਿੰਘ ਹੈਪੀ ਚੁੰਗ ਮਨਜਿੰਦਰ ਸਿੰਘ ਸਰਜਾ ਮਲਕੀਤ ਸਿੰਘ ਚੀਦਾ ਵਡਾਲਾ ਜੋਹਲ ਸਿਮਰ ਚੀਦਾ ਤਲਵੰਡੀ ਡੋਗਰਾ ਸਰਪੰਚ ਰਾਜਵਿੰਦਰ ਸਿੰਘ ਹੋਰ ਆਦਿ ਸਨ।

## ਪੁਲਿਸ ਚੌਂਕੀ ਗਲਿਆਰਾ ਵੱਲੋਂ ਹੁਸ਼ਿਆਰਪੁਰ ਵਿਖੇ ਹੋਏ ਕਤਲ ਕੇਸ ਵਿੱਚ ਲੋੜੀਂਦਾ ਭਗੌੜਾ ਕਾਬੂ

ਅੰਮ੍ਰਿਤਸਰ (ਰਣਜੀਤ ਸਿੰਘ ਮਸੌਣ/ਰਾਘਵ ਅਰੋੜਾ) ਥਾਣਾ ਈ-ਡਵੀਜ਼ਨ ਅੰਮ੍ਰਿਤਸਰ ਦੇ ਅਧੀਨ ਆਉਂਦੀ ਪੁਲਿਸ ਚੌਂਕੀ ਗਲਿਆਰਾ ਦੇ ਇੰਚਾਰਜ਼ ਬਲਜਿੰਦਰ ਸਿੰਘ ਸਮੇਤ ਪੁਲਿਸ ਟੀਮ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੋਰੀਂ ਕਰਦੇ ਇੱਕ ਦੋਸ਼ੀ ਨੂੰ ਕਾਬੂ ਕੀਤਾ।

ਗ੍ਰਿਫ਼ਤਾਰ ਦੋਸ਼ੀ ਤਰਨਵੀਰ ਸਿੰਘ ਉਰਫ਼ ਤਰਨਾ ਉਰਫ਼ ਮੋਟਾ ਪੁੱਤਰ ਕੁਲਵਿੰਦਰ ਸਿੰਘ ਵਾਸੀ ਥਾਣਾ ਮਾਡਲ ਟਾਊਨ, ਜ਼ਿਲਾਂ ਹੁਸ਼ਿਆਰਪੁਰ ਜੋਂ ਕਿ ਹੁਸ਼ਿਆਰਪੁਰ




ਵਿਖੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਫ਼ਰਾਰ ਹੋ ਗਿਆ ਸੀ ਤੇ ਗ੍ਰਿਫ਼ਤਾਰੀ ਤੋਂ ਬਚਣ ਲਈ ਇਸ ਸਮੇਂ ਅੰਮ੍ਰਿਤਸਰ ਵਿਖੇ ਛੁਪਿਆ ਹੋਇਆ ਸੀ।

ਇਹ ਦੁੱਖ ਭੰਜਨੀ ਬੇਰੀ ਸਾਹਿਬ, ਨੇੜੇ ਸੇਵਾ ਕਰ ਰਿਹਾ ਸੀ। ਇਸ ਤੇ ਮੁਕੱਦਮਾਂ ਨੰਬਰ 110 ਮਿਤੀ 14-5-2024 ਜੁਰਮ 302 ਭ:ਦ, ਥਾਣਾ ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ ਦਰਜ਼ ਹੈ, ਇਸ ਮੁਕੱਦਮੇ ਵਿੱਚ ਔਕਟੇਵ ਸ਼ੋਅਰੂਮ ਦੇ ਬਾਹਰ ਬਦਮਾਸ਼ਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਰਾਹੁਲ ਗਿੱਲ ਦਾ ਕਤਲ ਕੀਤਾ ਸੀ।

## ਖਲਚੀਆਂ ਥਾਣਾਂ ਵੱਲੋ ਚੋਣਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਚੱਲ ਰਹੀ ਚੈਕਿੰਗ

ਰਈਆ ਬਾਬਾ ਬਕਾਲਾ 18/ ਮਈ ( ਬਲਵਿੰਦਰ ਸਿੰਘ ਸੰਧੂ / ਗੋਰਵ ਸ਼ਰਮਾ -ਚੋਣਾਂ ਦੇ ਦਿਨ ਨੇੜੇ ਆਉਂਦਿਆਂ ਹੀ ਪੰਜਾਬ ਪੁਲਿਸ ਦੀਆਂ ਟੁਕੜੀਆ◌ਂ◌ ਜਗ੍ਹਾ-ਜਗ੍ਹਾ ਤੇ ਨਾਕੇ ਲਗਾ ਕੇ ਕਰ ਰਹੀ ਹੈ ਭਾਰੀ ਚੈਕਿੰਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਇਲਾਕੇ ਵਿੱਚ ਸ਼ਾਂਤੀ ਬਣਾਈ ਰੱਖਣਾ ਤੇ ਇਸ ਸਬੰਧੀ ਮਾੜੇ ਅਨਸਰਾਂ ਦੇ ਨਜ਼ਰ ਬਣਾ ਕੇ ਰੱਖਣਾ ਇਸ ਸੰਬੰਧ ਵਿੱਚ ਖਲਚੀਆਂ ਥਾਣਾਂ ਦੇ ਮੁਖੀ ਸ:ਜਸਬੀਰ ਸਿੰਘ ਦੀ ਨਿਗਰਾਨੀ ਹੇਠ ਚੱਲ ਰਹੀ ਚੈਕਿੰਗ ਤਹਿਤ





ਆਉਣ ਜਾਣ ਵਾਲੇ ਹਰ ਇੱਕ ਵਹੀਕਲ ਚਾਰ ਵਾਹਨ ਦੀ ਚੈਕਿੰਗ ਕੀਤੀ ਜਾ ਰਹੀ ਹੈ।ਇਸ ਮੌਕੇ ਏਐਸ ਆਈ ਸਰਵਨ ਸਿੰਘ,ਗੁਰਿੰਦਰ ਪਾਲ ਸਿੰਘ,ਪ੍ਰੀਤ ਇੰਦਰ ਸਿੰਘ, ਮਨਿੰਦਰ ਸਿੰਘ,ਗਗਨਦੀਪ ਸਿੰਘ, ਨਵਦੀਪ ਸਿੰਘ ਡਿਊਟੀ ਦੌਰਾਨ ਹਾਜ਼ਰ ਸਨ।

## ਛੇੜਛਾੜ ਦੇ ਇਲਜ਼ਾਮ ਦਾ ਪਿੱਛਾ ਨਹੀਂ ਛੱਡ ਰਹੀ ਕਾਨਪੁਰ ਪੁਲਿਸ, ਗੁੱਸੇ 'ਚ ਕੁੜੀ ਨੇ ਖਾ ਲਿਆ ਜ਼ਹਿਰ: ਮਾਮਲਾ ਦਰਜ - ਬਾਗੀ ਚੌਂਕੀ ਦੇ ਇੰਚਾਰਜ ਤੇ ਜਲਾਨ 'ਚ ਤਾਇਨਾਤ ਮਕਾਨ ਮਾਲਕ ਕਾਂਸਟੇਬਲ 'ਤੇ ਛੇੜਛਾੜ ਦੇ ਦੋਸ਼, ਅਧਿਕਾਰੀਆਂ ਨੇ ਸ਼ੁਰੂ ਕੀਤੀ ਜਾਂਚ, ਹਸਪਤਾਲ 'ਚ ਦਾਖਲ ਲੜਕੀ ਦੀ ਹਾਲਤ ਹੁਣ ਖਤਰੇ ਤੋਂ ਬਾਹਰ।

ਸੁਨੀਲ ਬਾਜਪਾਈ

ਕਾਨਪੁਰ। ਤੁਸੀਂ ਕਾਨਪੁਰ ਪੁਲਿਸ ਦੀ ਪਰੇਸ਼ਾਨੀ ਦਾ ਪਿੱਛਾ ਨਹੀਂ ਛੱਡ ਰਹੇ। ਨੌਬਸਤਾ ਇਲਾਕੇ 'ਚ ਸਬਜ਼ੀ ਵਿਕਰੇਤਾ ਸੁਨੀਲ ਵੱਲੋਂ ਸਚੈਂਦੀ 'ਚ ਫਾਹਾ ਲੈ ਕੇ ਖੁਦਕੁਸ਼ੀ ਕਰਨ ਅਤੇ ਪੁਲਸ ਵੱਲੋਂ ਨਾਰੀਅਲ ਪਾਣੀ ਨਾ ਦਿੱਤੇ ਜਾਣ ਤੋਂ ਤੰਗ ਆ ਕੇ ਖੁਦਕੁਸ਼ੀ ਕਰਨ ਦੀ ਘਟਨਾ ਤੋਂ ਬਾਅਦ ਬਾਬੂ ਪੂਰਵਾ ਥਾਣਾ ਖੇਤਰ 'ਚ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਉਹ ਕਥਿਤ ਪਰੇਸ਼ਾਨੀ ਤੋਂ ਨਾਰਾਜ਼ ਹੈ। ਪੁਲਸ ਨੇ ਜ਼ਹਿਰ ਖਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਖਬਰ ਲਿਖੇ ਜਾਣ ਤੱਕ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਅਧਿਕਾਰੀਆਂ ਨੇ ਦੋਸ਼ੀ ਪੁਲਸ ਮੁਲਾਜ਼ਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਮਾਮਲੇ ਦੀ ਜਾਂਚ ਦੇ ਹੁਕਮ ਵੀ ਦਿੱਤੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਬਾਗਹੀ ਨਯਾਪੁਰਵਾ ਦੀ ਰਹਿਣ ਵਾਲੀ ਲੜਕੀ ਆਪਣੀ ਭੈਣ ਅਤੇ ਪਿਤਾ ਨਾਲ ਇਕ ਹੌਲਦਾਰ ਦੇ ਘਰ ਕਿਰਾਏ 'ਤੇ ਰਹਿੰਦੀ ਹੈ। ਤਿੰਨ ਸਾਲ ਪਹਿਲਾਂ ਮਾਂ ਦੀ ਮੌਤ ਹੋ ਗਈ ਸੀ।

ਲੜਕੀ ਦੀ ਵੱਡੀ ਭੈਣ ਦਾ ਇਲਜ਼ਾਮ ਹੈ ਕਿ ਕਾਂਸਟੇਬਲ ਅੰਕਿਤ ਜਾਲੌਨ ਵਿੱਚ ਤਾਇਨਾਤ ਇੱਕ ਸੀਓ ਦਾ ਰੂਪ ਧਾਰਣ ਵਾਲਾ ਹੈ। ਉਨ੍ਹਾਂ ਦੇ ਉਕਸਾਹਟ ਨਾਲ ਉਸ ਦੇ ਦੋਵੇਂ ਭਰਾ ਅਮਨ ਅਤੇ ਕਾਕੂ ਪਿਛਲੇ ਚਾਰ ਮਹੀਨਿਆਂ ਤੋਂ ਉਨ੍ਹਾਂ ਦੀ ਭੈਣ ਨਾਲ ਛੇੜਛਾੜ ਕਰ ਰਹੇ ਸਨ। ਜਦੋਂ ਪਰਿਵਾਰ ਇਸ ਬਾਰੇ ਸ਼ਿਕਾਇਤ ਕਰਨ ਕਾਂਸਟੇਬਲ ਦੇ ਘਰ ਗਿਆ ਤਾਂ ਤਿੰਨਾਂ ਭਰਾਵਾਂ ਅਤੇ ਉਨ੍ਹਾਂ ਦੇ ਪਿਤਾ ਨੇ ਮਿਲ ਕੇ ਉਸ ਦੀ ਕੁੱਟਮਾਰ ਕੀਤੀ। ਇਸ ਬਾਰੇ ਪਹਿਲਾਂ ਪੁਲਿਸ ਕਮਿਸ਼ਨਰ ਦਫ਼ਤਰ ਨੂੰ ਸ਼ਿਕਾਇਤ ਕੀਤੀ।

ਇਸ ਤੋਂ ਬਾਅਦ ਸ਼ੁੱਕਰਵਾਰ ਨੂੰ ਸਾਰੇ ਸ਼ਿਕਾਇਤ ਕਰਨ ਲਈ ਬਾਗੀ ਚੌਂਕੀ ਪਹੁੰਚੇ। ਪਰਿਵਾਰ ਵਾਲਿਆਂ ਦਾ ਦੋਸ਼ ਹੈ ਕਿ ਚੌਂਕੀ ਇੰਚਾਰਜ ਨੇ ਉਨ੍ਹਾਂ ਨਾਲ ਬਦਤਮੀਜ਼ੀ ਨਾਲ ਵਿਵਹਾਰ ਕੀਤਾ ਅਤੇ ਉਨ੍ਹਾਂ ਖਿਲਾਫ ਰਿਪੋਰਟ ਦਰਜ ਕਰਵਾਉਣ ਦੀ ਧਮਕੀ ਦਿੱਤੀ, ਜਿਸ ਕਾਰਨ ਗੁੱਸੇ 'ਚ ਆ ਕੇ ਲੜਕੀ ਨੇ ਘਰ ਆ ਕੇ ਜ਼ਹਿਰ ਖਾ ਲਿਆ। ਇਸ ਸਬੰਧੀ ਸੂਚਨਾ ਮਿਲਣ 'ਤੇ ਏਡੀਸੀਪੀ ਸਾਊਥ ਅੰਕਿਤਾ ਸ਼ਰਮਾ, ਏਸੀਪੀ ਬਾਬੂਪੁਰਵਾ ਅਮਰਨਾਥ ਯਾਦਵ ਹਸਪਤਾਲ ਪੁੱਜੇ ਅਤੇ ਘਟਨਾ ਦੀ ਜਾਣਕਾਰੀ ਲਈ। ਦੱਖਣੀ ਡੀਸੀਪੀ ਰਵਿੰਦਰ ਕੁਮਾਰ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਕਾਂਸਟੇਬਲ ਅੰਕਿਤ, ਉਸ ਦੇ ਭਰਾਵਾਂ ਅਤੇ ਮਾਪਿਆਂ ਖ਼ਿਲਾਫ਼ ਛੇੜਛਾੜ ਅਤੇ ਧਮਕਾਉਣ ਦੀ ਧਾਰਾ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਬਲੱਡ ਬੈਂਕ ਵਿਖੇ ਲਗਾਇਆ ਫਰੀ ਆਯੁਰਵੈਦਿਕ ਮੈਡੀਕਲ ਕੈਂਪ

ਫਗਵਾੜਾ 18 ਮਈ (ਸ਼ਿਵ ਕੋੜਾ) ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਲਾਈਫ ਕੇਅਰ ਆਯੁਰਵੈਦਿਕਸ ਕੰਪਨੀ (ਰਾਜਸਥਾਨ) ਦੇ ਸਹਿਯੋਗ ਨਾਲ ਫਰੀ ਆਯੁਰਵੈਦਿਕ ਮੈਡੀਕਲ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਜਿਸ ਵਿਚ ਰਾਜਸਥਾਨ ਤੋਂ ਆਏ ਵੈਦ ਨਵੀਨ ਨਾਗਪਾਲ ਅਤੇ ਫਗਵਾੜਾ ਦੇ ਵੈਦ ਸ਼ਾਮ ਅਰੋੜਾ ਤੇ ਤਰੁਨ ਅਰੋੜਾ ਵਲੋਂ 75 ਮਰੀਜਾਂ ਦਾ ਚੈਕਅੱਪ ਕਰਕੇ ਪੇਟ




ਗੈਸ, ਕਬਜ, ਜੋੜਾਂ ਦਾ ਦਰਦ, ਕਫ, ਦਮਾ, ਅਲਰਜੀ ਤੇ ਸ਼ੁਗਰ ਆਦਿ ਬਿਮਾਰੀਆਂ ਦਾ ਇਲਾਜ ਕੀਤਾ ਗਿਆ। ਮਰੀਜਾਂ ਨੂੰ 10 ਦਿਨਾਂ ਦੀ ਦਵਾਈ ਫਰੀ ਦਿੱਤੀ ਗਈ। ਨਾਲ ਹੀ ਹਦਾਇਤ ਕੀਤੀ ਗਈ ਕਿ ਹੋਰ ਦਵਾਈ ਦੀ ਲੋੜ ਮਹਿਸੂਸ ਹੋਣ 'ਤੇ ਸ਼ੇਖੂਪੁਰੀਆਂ ਦੀ ਹੱਟੀ ਤੋਂ ਬਹੁਤ ਘੱਟ ਰੇਟ 'ਤੇ ਲਈ ਜਾ ਸਕਦੀ ਹੈ। ਕੈਂਪ ਦੌਰਾਨ ਹਾਜਰੀਨ ਨੂੰ ਆਯੁਰਵੈਦਿਕ ਇਲਾਜ ਪ੍ਰਣਾਲੀ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਮੋਹਨ ਲਾਲ ਤਨੇਜਾ, ਕ੍ਰਿਸ਼ਨ ਕੁਮਾਰ, ਗੁਲਸ਼ਨ ਕਪੂਰ, ਗੁਲਾਬ ਸਿੰਘ ਠਾਕੁਰ, ਰਮਨ ਨਹਿਰਾ ਆਦਿ

# ਪਿੰਡ ਧਿਆਨਪੁਰ ਵਿਖੇ ( ਵਿਧਾਇਕ ਦਲਬੀਰ ਸਿੰਘ ਟੌਂਗ ਚੋਣਾਂ ਦੇ ਸਬੰਧ ਵਿੱਚ ਭਾਈ ਮੰਗਲ ਸਿੰਘ ਤੇ ਭਾਈ ਵੀਰ ਸਿੰਘ ਦੇ ਘਰ ਪਹੁੰਚੇ



ਰਈਆ ਬਾਬਾ ਬਕਾਲਾ/18/ਮਈ / ਬਲਵਿੰਦਰ ਸਿੰਘ ਸੰਧੂ/ਗੋਰਵ ਸ਼ਰਮਾ ਪਿੰਡ ਧਿਆਨ ਪੁਰ ਵਿਖੇ ਚੋਣਾਂ ਦੇ ਸਬੰਧ ਵਿੱਚ ਵਿਧਾਇਕ ਦਲਬੀਰ ਸਿੰਘ ਟੌਂਗ ਦੇ ਪਹੁੰਚਣ ਦਾ ਭਾਈ ਮੰਗਲ ਸਿੰਘ ਤੇ ਭਾਈ ਵੀਰ ਤੇ ਪਿੰਡ ਧਿਆਨਪੁਰ ਦੀ ਸਾਧ ਸੰਗਤ ਵੱਲੋਂ ਵਿਧਾਇਕ ਦਲਬੀਰ ਸਿੰਘ ਟੌਂਗ ਦਾ ਨਿੱਘਾ ਸਵਾਗਤ ਕੀਤਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਵਿਧਾਇਕ ਦਲਬੀਰ ਸਿੰਘ ਟੌਂਗ ਕਿਹਾ ਕੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਿਰਫ ਦੋ ਸਾਲ ਬਣੀ ਨੂੰ ਬੀਤ ਚੁੱਕੇ ਹਨ ਪਰ ਪੰਜਾਬ ਸਰਕਾਰ ਆਪਣੇ ਵਾਧਿਆਂ ਨੂੰ ਬਿੱਲ ਕੁਲ ਨਹੀਂ ਭੁੱਲੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਲੋਕਾਂ ਨੂੰ /600 ਯੂਨਿਟ ਤੋਂ ਰਾਹਤ ਦਿਵਾਈ ਗਈ ਸੀ ਪਰ ਵੇਖਣ ਵਾਲੀ ਗੱਲ ਇਹ ਹੈ ਸਰਕਾਰ ਦੀਆਂ ਸਕੀਮਾਂ ਬਹੁਤ ਚਲਾਇਆ ਜਾ ਰਿਹੀਆਂ ਹਨ ਪਰ ਕੇਂਦਰ ਦੀ ਸਰਕਾਰ ਨੇ ਸਾਡੇ ਕਰੋੜਾਂ ਦੇ ਫੰਡ ਰੁੱਕੇ ਹੋਏ ਹਨ ਇਸ ਲਈ ਲੋਕਾਂ ਦੇ ਵਾਧਿਆਂ ਨੂੰ ਪੂਰੇ ਕਰਨ ਵਿਚ ਡੇਰੀ ਹੋ ਰਿਹੀ ਹੈ ਕੇਂਦਰ ਸਰਕਾਰ ਪੰਜਾਬ ਸਰਕਾਰ ਕਰੋੜਾਂ ਫੰਡ ਬੰਦ ਕੀਤੇ ਹਨ.

ਉਹਨਾਂ ਇਹ ਵੀ ਕਿਹਾ ਕੀ ਅਸੀਂ ਕੇਂਦਰ ਵਿਚ ਆਪਣੀ ਸਰਕਾਰ ਬਣਾਉਣ ਵਾਸਤੇ 13 ਸੀਟਾਂ ਤੇ ਚੋਣ ਲੜ ਰਹੇ ਹਾ ਅਸੀਂ ਹਲਕਾ ਖਡੂਰ ਸਾਹਿਬ ਤੋਂ ਸਾਡੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੂੰ ਵੱਡੀ ਗਿਣਤੀ ਵਿੱਚ ਜਿੱਤਾ ਕੇ ਕੇਂਦਰ ਸਰਕਾਰ ਦਾ ਭਾਗੀ ਦਾਰ ਬਣਾਏ ਜਦ ਆਮ ਆਦਮੀ ਦੀ ਸਰਕਾਰ ਕੇਂਦਰ ਵਿਚ ਬਣੀ ਗਈ ਤੇ ਲੋਕਾਂ ਦੇ ਸਾਰੇ ਵਾਧੀਆ ਪੂਰਾ ਕਰਨ ਵਿੱਚ ਸਫਲਤਾ ਮਿਲੇ ਗਈ ਆਖ਼ਰੀ ਸ਼ਬਦਾਂ ਵਿਚ ਪਿੰਡ ਧਿਆਨਪੁਰ ਦੀ ਸਾਧ ਸੰਗਤ ਇਕ ਨਵੀਂ ਖੁੱਸ ਖੁੱਬਰੀ ਦਿੱਤੀ ਕੀ ਰਈਆ ਤੋਂ ਕਲੇਰ ਘੁਮਾਣ ਧਿਆਨ ਪੁਰ ਵਡਾਲਾ ਕਲਾ ਭਲਾਈ ਪਰ ਨੂੰ ਜਾਣ ਸੜਕ ਚੋਣਾਂ ਆਬਾਦ ਬਣਾਈ ਜਾਵੇ ਗਈ ਇਸ ਸੜਕ ਦੇ ਸਰਕਾਰ ਵਲੋਂ ਵਿਧਾਇਕ ਦਲਬੀਰ ਸਿੰਘ ਟੌਂਗ ਕੋਲ ਸੜਕ ਬਣਾਉਣ ( 16 ਕਰੋੜ 10 ਲੱਖ ਆਏ ਹਨ ਜਲਦੀ ਹੀ ਸੜਕ ਬਣਾਉਣ ਦਾ ਕੰਮ ਚਾਲੂ ਕੀਤਾ ਜਾਵੇਗਾ. ਇਸ ਮੌਕੇ ਮੰਗਲ ਸਿੰਘ ਵੀਰ ਸਿੰਘ ਮਨਜੀਤ ਸਿੰਘ ਦਿੱਲੀ ਵਾਲੇ ਅਮਰੀਕ ਸਿੰਘ ਦਵਿੰਦਰ ਸਿੰਘ ਜਗਪ੍ਰੀਤ ਸਿੰਘ ਚੱਕੀ ਵਾਲੇ ਦੀਪਾ ਸਿੰਘ ਭਜਨ ਸਿੰਘ ਮਿਸਤਰੀ ਹੀਰਾ ਸਿੰਘ ਉਪਵਿੰਦਰ ਸਿੰਘ ਦਿਲਬਾਗ ਸਿੰਘ ਨਰਿੰਦਰ ਸਿੰਘ ਕਾਲਾ ਸਿੰਘ ਨਿਰਮਲ ਸਿੰਘ ਮਲੂਕ ਸਿੰਘ ਸਾਬਕਾ ਸਰਪੰਚ ਅਵਤਾਰ ਸਿੰਘ ਜੱਸੀ ਸਿੰਘ ਅਮਰੀਕ ਸਿੰਘ ਪਰਜਾ ਪਤ ਬਿੰਦਰ ਸਿੰਘ ਨਿੰਦਰ ਸਿੰਘ ਸੂਰਤਾਂ ਸਿੰਘ ਜੱਗਾ ਸਿੰਘ ਜੁੰਮੂ ਸਿੰਘ ਬੀਬੀ ਪ੍ਰਧਾਨ ਮਨਜੀਤ ਕੌਰ ਕਲਦੀਪ ਸਿੰਘ ਬਲਦੇਵ ਸਿੰਘ ਸੁਖਦੇਵ ਸਿੰਘ ਫੋਜੀ ਦਵਿੰਦਰ ਸਿੰਘ ਸਰਬਜੀਤ ਸਿੰਘ ਆਦਿ ਹਾਜ਼ਰ ਸਨ

# ਪ੍ਰੋ. ਭਨੋਟ ਬਣੇ ਪੰਜਾਬ ਭਾਜਪਾ ਸਿੱਖਿਆ ਸੈੱਲ ਦੇ ਕਾਰਜਕਾਰਨੀ ਮੈਂਬਰ



ਅੰਮ੍ਰਿਤਸਰ, 18 ਮਈ (): ਭਾਰਤੀ ਜਨਤਾ ਪਾਰਟੀ ਦੀ ਵੱਲੋਂ ਪ੍ਰੋਫੈਸਰ (ਡਾ.) ਵਿਜੇ ਭਨੋਟ ਦੀ ਯੋਗਤਾ, ਮਿਹਨਤ ਅਤੇ ਲਗਨ ਨੂੰ ਦੇਖਦੇ ਹੋਏ ਭਾਜਪਾ ਸਿੱਖਿਆ ਸੈੱਲ ਦਾ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਹੈ। ਉਹ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹੇ ਦਾ ਕੰਮ ਦੇਖਣਗੇ।

ਇੱਥੇ ਤੁਹਾਨੂੰ ਦੱਸ ਦੇਈਏ ਕਿ ਪ੍ਰੋਫੈਸਰ (ਡਾਕਟਰ) ਭਨੋਟ ਅੰਮ੍ਰਿਤਸਰ ਭਾਜਪਾ ਆਈਟੀ ਸੈੱਲ ਦੇ ਅੰਮ੍ਰਿਤਸਰ ਉੱਤਰੀ ਵਿੱਚ ਆਈਟੀ ਕਨਵੀਨਰ ਦਾ ਕੰਮ ਵੀ ਹਨ।

ਉਨ੍ਹਾਂ ਦੱਸਿਆ ਕਿ ਉਹ ਸਕੂਲਾਂ ਅਤੇ ਕਾਲਜਾਂ ਵਿੱਚ ਮੁਢਲੀ ਸਿੱਖਿਆ ਦੇ ਨਾਲ-ਨਾਲ ਹੁਨਰ ਵਿਕਾਸ ਸਿਖਲਾਈ ਸ਼ੁਰੂ ਕਰਨਾ ਚਾਹੁੰਦੇ ਹਨ ਤਾਂ ਜੋ ਉੱਚ ਸਿੱਖਿਆ ਲਈ ਅੱਗੇ ਜਾਣ ਤੋਂ ਅਸਮਰੱਥ ਵਿਦਿ ਆਰਥੀ ਬੇਰੁਜ਼ਗਾਰ ਨਾ ਰਹਿਣ।

ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਬਹੁਤ ਸਾਰੇ ਹੁਨਰ ਵਿਕਾਸ ਕੋਰਸ ਸ਼ੁਰੂ ਕੀਤੇ ਹਨ, ਜਿਸ ਵਿੱਚ ਵਿਦਿਆਰਥੀ ਬਿਨਾਂ ਫੀਸ ਤੋਂ ਸਿਖਲਾਈ ਲੈ ਕੇ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਘੱਟ ਹੋਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਹਾਈਕਮਾਂਡ ਵੱਲੋਂ ਸੌਂਪੇ ਗਏ ਕੰਮ ਨੂੰ ਉਹ ਪਹਿਲਾਂ ਵਾਂਗ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ ਇਸ ਮੌਕੇ ਉਨ੍ਹਾਂ ਭਾਜਪਾ ਮੰਡਲ ਪ੍ਰਧਾਨ ਕਿਸ਼ੋਰ ਰੈਨਾ, ਭਾਜਪਾ ਮਹਿਲਾ ਮੋਰਚਾ ਪ੍ਰਧਾਨ ਸ਼ਰੂਤੀ ਵਿੱਜ, ਜੀ, ਭਾਜਪਾ ਸੰਗਠਨ ਵਿਸਤਾਰਕ ਪਾਰਸ ਮਹਾਜਨ ਅਤੇ ਭਾਜਪਾ ਹਾਈਕਮਾਂਡ ਦਾ ਧੰਨਵਾਦ ਕੀਤਾ।

19 ਮਈ ਨੂੰ ਬਰਸੀ 'ਤੇ ਵਿਸ਼ੇਸ਼

# ਬਿਰਧ ਸਰੂਪਾਂ ਦੀ ਸੰਭਾਲ ਤੇ ਸੇਵਾ ਕਰਨ ਵਾਲੇ-ਬਾਬਾ ਨਰਿੰਦਰ ਸਿੰਘ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪਾਂ, ਗੁਟਕਿਆਂ, ਪੋਥੀਆਂ ਦੀ ਸੇਵਾ-ਸੰਭਾਲ ਕਰਨ ਵਾਲੇ ਬਾਬਾ ਨਰਿੰਦਰ ਸਿੰਘ ਜੀ ਦਾ ਜਨਮ 11 ਨਵੰਬਰ 1933 ਈ: ਨੂੰ ਪਿਤਾ ਸ੍ਰ: ਭਗਤ ਸਿੰਘ ਦੇ ਘਰ ਛਿਛਕੋਟ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ। ਬਾਬਾ ਜੀ ਦੇ ਤਿੰਨ ਬੇਟੇ ਜਗਦੀਪ ਸਿੰਘ, ਗੁਰਜੀਤ ਸਿੰਘ ਤੇ ਰੁਪਿੰਦਰ ਸਿੰਘ ਹਨ। ਸਾਰੇ ਕਾਰੋਬਾਰ ਦੇ ਨਾਲ-ਨਾਲ ਸੇਵਾ ਵੀ ਵੱਧ ਚੜ੍ਹ ਕੇ ਕਰਦੇ ਹਨ। ਬਾਬਾ ਨਰਿੰਦਰ ਸਿੰਘ ਜੀ ਨੇ ਬੀ.ਏ. ਤੱਕ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ।

ਬਾਬਾ ਨਰਿੰਦਰ ਸਿੰਘ ਜੀ 1968 ਵਿੱਚ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਗਏ। ਦੋ ਮਿੰਨੀ ਬੱਸਾਂ ਯਾਤਰਾ 'ਚ ਸਨ। ਬਾਬਾ ਨਰਿੰਦਰ ਸਿੰਘ ਜੀ ਅੱਗੇ ਜਾ ਰਹੀ ਬੱਸ ਵਿੱਚ ਸਫ਼ਰ ਕਰ ਰਹੇ ਸਨ। ਇੱਕ ਵਿਅਕਤੀ ਨੇ ਆ ਕੇ ਉਹਨਾਂ ਨੂੰ ਕਿਹਾ ਕਿ ਦੂਜੀ ਬੱਸ ਵਿੱਚ ਕੀਰਤਨ ਹੋ ਰਿਹਾ ਹੈ। ਆਪ ਜੀ ਉਸ ਬੱਸ ਵਿੱਚ ਬੈਠ ਜਾਓ। ਅਜਿਹਾ ਕਹਿਣ ਦੀ ਦੇਰ ਸੀ ਕਿ ਉਹ ਬੱਸ ਵੱਡੀ ਚਟਾਨ ਦੀ ਲਪੇਟ ਵਿੱਚ ਆ ਗਈ। ਕੋਈ ਵੀ ਯਾਤਰੀ ਬਚ ਨਹੀਂ ਸਕਿਆ। ਜੀਵਨ ਦੀ ਇਸ ਨਾਸ਼ਵਾਨਤਾ ਨੂੰ ਬਹੁਤ ਨੇੜੇ ਤੋਂ ਦੇਖ ਕੇ ਉਹਨਾਂ ਆਪਣਾ ਬਾਕੀ ਜੀਵਨ ਵਾਹਿਗੁਰੂ ਨੂੰ ਅਰਪਣ ਕਰ ਦਿੱਤਾ। 1985 ਵਿੱਚ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪ੍ਰਭੂ ਸਿਮਰਨ ਕੇਂਦਰ ਅਸਥਾਨ ਦੀ ਸਥਾਪਨਾ ਹੋਈ। ਇੱਥੇ ਨਾਮ ਸਿਮਰਨ, ਸੁਰਤ ਸ਼ਬਦ ਸਿਮਰਨ ਅਭਿਆਸ ਦੇ ਕੈਂਪ ਲੱਗਦੇ ਸਨ। ਇਹਨਾਂ ਸਤਰਾਂ ਦੇ ਲੇਖਕ ਨੇ ਵੀ ਇੱਕ ਕੈਂਪ ਵਿੱਚ ਹਾਜ਼ਰੀ ਭਰੀ ਸੀ। 1988 ਤੋਂ ਅਸਥਾਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪਾਂ ਦੀ ਸੇਵਾ ਸ਼ੁਰੂ ਹੋਈ। 1997 ਵਿੱਚ ਇਸ ਸੇਵਾ ਨੂੰ ਦੇਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਮਤਾ ਪਾਸ ਕਰਕੇ ਇਹ ਸੇਵਾ ਦਿੱਤੀ। ਬਾਅਦ ਵਿੱਚ 2004 'ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਜ਼ਾਜਤ ਦੇ ਦਿੱਤੀ।

ਬਾਬਾ ਨਰਿੰਦਰ ਸਿੰਘ ਜੀ ਵੱਲੋਂ ਛੋਟੀ ਜਵੱਦੀ ਲੁਧਿਆਣਾ ਤੋਂ ਇਲਾਵਾ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨਥਵਾਣ (ਰਤੀਆ) ਹਰਿਆਣਾ, ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਪਿੰਡ ਰਾਮਗੜ੍ਹ ਭੁੱਲਰ ਨੇੜੇ ਜਗਰਾਉਂ (ਲੁਧਿਆਣਾ), ਹੈਦਰਾਬਾਦ ਅਤੇ ਸਿਲੀਗੁੜੀ (ਅਸਾਮ), ਗੁਰਦੁਆਰਾ ਮਜਨੂੰ ਟਿੱਲਾ ਦਿੱਲੀ ਵਿੱਚ ਇਹ ਸੇਵਾ ਚੱਲ ਰਹੀ ਸੀ। ਬਾਬਾ ਜੀ ਵੱਲੋਂ ਵਿਦੇਸ਼ਾਂ ਟੋਰਾਂਟੋ, ਵੈਨਕੂਵਰ ਤੇ ਨਿਊਜਰਸੀ ਵਿਖੇ ਵੀ ਇਹ ਸੇਵਾ ਪਿਛਲੇ ਕੁਝ ਸਾਲਾਂ ਤੋਂ ਚੱਲ ਰਹੀ ਸੀ।

ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਜਗਦੀਪ ਸਿੰਘ ਅਨੁਸਾਰ ਇਸ ਵਿਸ਼ੇਸ਼ ਪ੍ਰਕਿਰਿਆ ਦੇ ਲਈ ਦੇਸ਼ ਭਰ ਵਿੱਚ ਸਿਰਫ਼ ਛੇ ਗੁਰਦੁਆਰਾ ਸਾਹਿਬ ਹਨ। ਜਦ ਵੀ ਕੋਈ ਬਿਰਧ ਸਰੂਪ ਗੁਰਦੁਆਰਾ ਸਾਹਿਬ ਵਿਖੇ ਲਿਆਂਦਾ ਜਾਂਦਾ ਹੈ ਤਾਂ ਇਸ ਦੇ ਲਈ ਤਿੰਨ ਮੈਂਬਰੀ ਕਮੇਟੀ ਫੈਸਲਾ ਲੈਂਦੀ ਹੈ ਕਿ ਸਸਕਾਰ (ਅਗਨ ਭੇਟ) ਕੀਤਾ ਜਾਵੇ ਜਾਂ ਫਿਰ ਇਹਨਾਂ ਦੇ ਖੰਡਿਤ (ਬਿਰਧ) ਅੰਗਾਂ (ਪੰਨਿਆਂ) ਨੂੰ ਬਦਲ ਕੇ ਗੁਰਦੁਆਰਿਆਂ ਵਿੱਚ ਪ੍ਰਕਾਸ਼ ਕਰਨ ਲਈ ਸੰਗਤਾਂ ਨੂੰ ਦਿੱਤੇ ਜਾਣ। ਇਸ ਦੇ ਲਈ ਕੁਝ ਨਿਯਮ (ਅਸੂਲ, ਸਿਧਾਂਤ) ਬਣੇ ਹੋਏ ਹਨ।

ਬਾਬਾ ਨਰਿੰਦਰ ਸਿੰਘ ਜੀ ਵੱਲੋਂ 11,700 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਭੇਟਾ ਰਹਿਤ ਤਿਆਰ ਕਰਕੇ, ਜਿਲਦਬੰਦੀ ਕਰਕੇ, ਅੰਗ ਬਦਲ ਕੇ ਸੰਗਤਾਂ ਨੂੰ ਦਿੱਤੇ ਗਏ। ਇਸ ਤੋਂ ਇਲਾਵਾ 1984 ਵਿੱਚ ਬਲਿਊ ਸਟਾਰ ਅਪਰੇਸ਼ਨ ਸਮੇਂ ਫ਼ੌਜ ਨੇ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਜੋ ਖ਼ਤਮ ਕਰ ਦਿੱਤੀ ਸੀ। ਉਸ ਨੂੰ ਦੁਬਾਰਾ ਬਹਾਲ ਕੀਤਾ ਗਿਆ। ਬਾਬਾ ਨਰਿੰਦਰ ਸਿੰਘ ਨੇ ਸਿੱਖ ਰੈਫਰੈਂਸ ਲਾਇਬਰੇਰੀ ਸ੍ਰੀ ਅੰਮ੍ਰਿਤਸਰ ਨੂੰ 330 ਪਾਵਨ ਹੱਥ-ਲਿਖਤ ਪੁਰਾਤਨ ਸਰੂਪ, 100 ਦੇ ਕਰੀਬ ਦਸਮ ਗ੍ਰੰਥ ਦੇ ਸਰੂਪ ਤੇ ਵੱਡੀ ਤਾਦਾਦ ਵਿੱਚ ਇਤਿਹਾਸਕ ਪੋਥੀਆਂ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਸਮੱਗਰੀ ਭੇਟ ਕੀਤੀ। ਬਾਬਾ ਨਰਿੰਦਰ ਸਿੰਘ ਜੀ ਕੋਲ ਜੋ ਵੀ ਹੱਥ ਲਿਖਤ ਧਾਰਮਿਕ ਲਿਟਰੇਚਰ, ਪੁਰਾਤਨ ਹੱਥ ਲਿਖਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਉਂਦੇ ਸਨ, ਉਹਨਾਂ ਨੂੰ ਅਗਨ ਭੇਟ ਨਹੀਂ ਕੀਤਾ ਜਾਂਦਾ ਸੀ। ਉਹ ਸਿੱਖ ਰੈਫਰੈਂਸ ਲਾਇਬਰੇਰੀ ਸ੍ਰੀ ਅੰਮ੍ਰਿਤਸਰ ਨੂੰ ਭੇਜ ਦਿੱਤੇ ਜਾਂਦੇ ਸਨ।

ਬਾਬਾ ਨਰਿੰਦਰ ਸਿੰਘ ਜੀ ਦੀ ਪ੍ਰੇਰਨਾ ਸਦਕਾ 20,000 ਤੋਂ ਵੀ ਵੱਧ ਪਤਿਤ ਹੋਏ ਨੌਜਵਾਨ ਦੁਬਾਰਾ ਸਿੱਖੀ ਸਰੂਪ ਵਿੱਚ ਗੁਰਸਿੱਖ ਬਣ ਚੁੱਕੇ ਸਨ।

ਬਾਬਾ ਨਰਿੰਦਰ ਸਿੰਘ ਜੀ ਸੇਵਾ ਦੇ ਕਾਰਜ ਕਰਦਿਆਂ ਅਕਾਲ ਪੁਰਖ ਵੱਲੋਂ ਬਖ਼ਸ਼ੀ ਸਵਾਸਾਂ ਦੀ ਪੂਜੀ ਨੂੰ ਸੰਪੂਰਨ ਕਰਕੇ 19 ਮਈ 2018 ਈ: ਦਿਨ ਸ਼ਨੀਵਾਰ ਨੂੰ 84 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

# ਛੇਹਰਟਾ ਸਕੂਲ ਵਿਖੇ ਸਵੀਪ ਸਬੰਧੀ ਜਾਗਰੂਕਤਾ ਪ੍ਰੋਗਰਾਮ

Desi Punjab YouTube www.desipunjab.in




ਅੰਮ੍ਰਿਤਸਰ (ਰਣਜੀਤ ਸਿੰਘ ਮਸੌਣ/ ਕੁਸ਼ਾਲ ਸ਼ਰਮਾਂ) ਭਾਰਤ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਦੇ ਦੌਰਾਨ ਪੈਂਦੇ ਵਿਧਾਨ ਸਭਾ ਹਲਕੇ ਅੰਮ੍ਰਿਤਸਰ ਪੱਛਮੀ ਦੇ ਸਕੂਲ ਆਫ਼ ਐਮੀਨੈਂਸ ਛੇਹਰਟਾ ਵਿਖੇ ਵੋਟ ਪ੍ਰਤੀਸ਼ਤ ਵਧਾਉਣ ਲਈ ਇੱਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਐਫਐਮ ਰੇਡੀਓ ਤੋਂ ਆਰਜੇ ਦੀਪ ਵਿਸ਼ੇਸ਼ ਤੌਰ ਤੇ ਪਹੁੰਚੇ। ਉਹਨਾਂ ਦਾ ਸਵਾਗਤ ਸ੍ਰੀ ਸੁਨੀਲ ਕੁਮਾਰ ਗੁਪਤਾ ਬਲਾਕ ਨੋਡਲ ਅਫ਼ਸਰ ਬਲਾਕ ਵੇਰਕਾ ਅਤੇ ਸ਼੍ਰੀਮਤੀ ਮਨਮੀਤ ਕੌਰ ਪ੍ਰਿੰਸੀਪਲ ਸਕੂਲ ਆਫ਼ ਐਮੀਨੈਂਸ ਛੇਹਰਟਾ ਵੱਲੋਂ ਕੀਤਾ ਗਿਆ। ਇਸ ਮੌਕੇ ਤੇ ਸਵੀਪ ਨਾਲ ਸੰਬੰਧਿਤ ਬਲਾਕ ਦਾ ਤੇ ਸਕੂਲ ਦਾ ਸਟਾਫ਼ ਹਾਜ਼ਰ ਸੀ।

ਆਰਜੇ ਦੀਪ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦੇ ਹੋਏ ਕਿਹਾ ਕਿ ਤੁਸੀਂ ਆਪਣੇ ਆਂਢ ਗੁਆਂਡ ਰਿਸ਼ਤੇਦਾਰਾਂ ਵਿੱਚ ਮੇਰਾ ਇਹ ਸੁਨੇਹਾ ਲੈ ਕੇ ਜਾਣਾ ਹੈ ਕਿ ਇੱਕ ਜੂਨ ਨੂੰ ਹਰ ਨਾਗਰਿਕ ਜਿਸਦੀ ਦੀ ਵੋਟ ਬਣੀ ਹੈ, ਉਸ ਨੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਜ਼ਰੂਰ ਕਰਨੀ ਹੈ। ਇੱਕ ਵੋਟਰ ਦੇਸ਼ ਦੇ ਲੋਕਤੰਤਰ ਦੀ ਸਭ ਤੋਂ ਛੋਟੀ ਇਕਾਈ ਹੈ। ਇੱਕ-ਇੱਕ ਵੋਟ ਨਾਲ ਹੀ ਸਰਕਾਰਾਂ ਬਣਦੀਆਂ ਹਨ। ਹਰ ਇੱਕ ਨਾਗਰਿਕ ਨੂੰ ਆਪਣੀ ਵੋਟ ਦੀ ਅਹਿਮੀਅਤ ਸਮਝਣੀ ਚਾਹੀਦੀ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਬੂਥਾਂ ਵਿੱਚ ਵੱਧ ਤੋਂ ਵੱਧ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹਰ ਇੱਕ ਨਾਗਰਿਕ ਨੇ ਨਿਰਪੱਖ ਹੋ ਕੇ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਮੌਕੇ ਆਰਜੇ ਦੀਪ ਨੇ ਸਾਰੇ ਵਿਦਿਆਰਥੀਆਂ ਨੂੰ ਸੌਂਹ ਚੁਕਾਈ ਕਿ ਉਹ ਆਪਣੇ ਆਲੇ ਦੁਆਲੇ ਵਿੱਚ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਲਈ ਜਾਗਰੂਕ ਕਰਨਗੇ। ਇਸ ਮੌਕੇ ਤੇ ਸ਼੍ਰੀਮਤੀ ਨਵਦੀਪ ਕੌਰ ਰਿਆੜ, ਸ਼੍ਰੀਮਤੀ ਅਮਰਜੀਤ ਕੌਰ, ਬਖਸਿੰਦਰ ਸਿੰਘ, ਸਕੂਲ ਅਧਿਆਪਕ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਮੇਰੇ ਵੋਟ ਨਾ ਪਾਉਣ ਨਾਲ ਕੀ ਫਰਕ ਪੈਂਦਾ ਵਾਲੀ ਸੋਚ ਨੂੰ ਨਕਾਰਨ ਲਈ ਸੈਮੀਨਾਰ ਕਰਵਾਇਆ



ਮਲੇਰਕੋਟਲਾ, 18 ਮਈ (ਗੁਰਤੇਜ ਜੋਸੀ) ਅਸੀਂ ਭਾਰਤ ਵਿੱਚ ਰਹਿੰਦੇ ਹਾਂ ਜੋ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ ਜਿਸ ਵਿੱਚ ਸਰਕਾਰ ਲੋਕਾਂ ਦੁਆਰਾ ਲੋਕਾਂ ਲਈ ਚੁਣੀ ਜਾਂਦੀ ਹੈ। ਇਹੀ ਲੋਕ ਸਭਾ ਚੋਣ ਲੋਕਤੰਤਰ ਦੇ ਮਹਾਯੱਗ ਦੀ ਸਭ ਤੋਂ ਵੱਡੀ ਇਕਾਈ ਹੈ ਜਿਸ ਰਾਹੀਂ ਅਸੀਂ ਆਪਣੇ ਦੇਸ਼, ਪਿੰਡ, ਸ਼ਹਿਰ ਦੇ ਨਾਲ ਸਮਾਜ ਦੇ ਹਰ ਵਿਅਕਤੀ ਦਾ ਵਿਕਾਸ ਯਕੀਨੀ ਬਣਾਉਂਦੇ ਹਾਂ ਤਾਂ ਜੋ ਉਹ ਵੀ ਦੇਸ਼ ਦੇ ਹਿੱਤ ਵਿੱਚ ਹਿੱਸਾ ਲੈ ਸਕੇ। ਇਸ ਲਈ ਸਾਨੂੰ ਆਪਣੀ ਵੋਟ ਦੇ ਰੂਪ ਵਿੱਚ ਮਹਾਯੱਗ ਵਿੱਚ ਹਿਸਾ ਪਾਉਣਾ ਚਾਹੀਦਾ ਹੈ ਅਤੇ ਔਰਤਾਂ ਨੂੰ ਵੀ ਹਰ ਕੰਮ ਵਿੱਚ ਮੋਹਰੀ ਬਣ ਕੇ ਵੋਟ ਦੇ ਅਧਿਕਾਰ ਰਾਹੀਂ ਆਪਣੀ ਪ੍ਰਮੁੱਖਤਾ ਦਰਜ ਕਰਨੀ ਚਾਹੀਦੀ ਹੈ। ਇਹ ਵਿਚਾਰ ਸੇਵਾ ਟਰੱਸਟ ਯੂ.ਕੇ (ਇੰਡੀਆ) ਦੇ ਸੰਸਥਾਪਕ ਐਨ.ਆਰ.ਆਈ.ਚਰਨ ਕੰਵਲ ਸੇਖੋਂ, ਨੈਸ਼ਨਲ ਚੇਅਰਮੈਨ ਨਰੇਸ਼ ਮਿੱਤਲ ਦੀ ਅਗਵਾਈ ਹੇਠ ਜ਼ੋਨ ਹੈੱਡ ਡਾ: ਵਰਿੰਦਰ ਜੈਨ, ਸਟੇਟ ਕੋਆਰਡੀਨੇਟਰ ਅਜੈ ਗਰਗ ਨੇ ਵੱਖ-ਵੱਖ ਕਾਲਜਾਂ, ਸਕੂਲਾਂ ਵਿੱਚ ਵੋਟਰ ਜਾਗਰੂਕਤਾ ਮੁਹਿੰਮ ਦੌਰਾਨ ਪ੍ਰਗਟ ਕੀਤੇ।

ਇਸ ਮੌਕੇ ਜ਼ਿਲ੍ਹਾ ਸੀਨੀਅਰ ਕੋਆਰਡੀਨੇਟਰ ਅਸ਼ੋਕ ਸਿੰਗਲਾ,ਅਨਿਲ ਗੁਪਤਾ ਨੇ ਕਿਹਾ ਕਿ ਲੋਕਤਾਂਤਰਿਕ ਪ੍ਰਣਾਲੀ ਵਿੱਚ ਜਨਤਾ ਸਰਵਉੱਚ ਹੁੰਦੀ ਹੈ ਅਤੇ ਹਰ ਇੱਕ ਵੋਟ ਦਾ ਅਹਿਮ ਮਹੱਤਵ ਹੁੰਦਾ ਹੈ। ਇਸ ਲਈ ਹਰੇਕ ਵੋਟਰ ਨੂੰ ਵੋਟ ਪਾ ਕੇ ਇਮਾਨਦਾਰੀ ਨਾਲ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਇਸ ਮੌਕੇ ਧਾਰਮਿਕ ਕੋਆਰਡੀਨੇਟਰ ਸੌਰਭ ਸ਼ਰਮਾ-ਅਵਤਾਰ ਸਿੰਘ ਅਤੇ ਸਿੱਖਿਆ ਇੰਚਾਰਜ ਸਜੀਵ ਸਿੰਗਲਾ ਨੇ ਅਪੀਲ ਕੀਤੀ ਕਿ ਲੋਕ ਸਭਾ ਚੋਣਾਂ-2024 ਵਿਚ ਆਪਣੀ ਕੀਮਤੀ ਵੋਟ ਦਾ ਸਹੀ ਇਸਤੇਮਾਲ ਕਰਨ।ਇਸ ਮੌਕੇ ਕੇ.ਐਮ.ਆਰ.ਡੀ ਜੈਨ ਕਾਲਜ ਦੀ ਪ੍ਰਿੰਸੀਪਲ ਡਾ: ਮੀਨਾ ਕੁਮਾਰੀ ਨੇ ਕਿਹਾ ਕਿ ਇਕ ਵੀ ਵੋਟ ਨਾ ਪਾਉਣ ਕਾਰਨ ਚੰਗਾ ਉਮੀਦਵਾਰ ਹਾਰ ਸਕਦਾ ਹੈ ਅਤੇ ਅਣਚਾਹੇ ਉਮੀਦਵਾਰ ਦੀ ਜਿੱਤ ਹੋ ਸਕਦੀ ਹੈ | ਇਸ ਲਈ 'ਚੋਣਾਂ ਨੂੰ ਖੇਡ ਨਹੀਂ ਸਗੋਂ ਲੋਕਾਂ ਦੇ ਜੀਵਨ ਦਾ ਰਾਖਾ ਬਣਾਉਣਾ ਪਵੇਗਾ ਅਤੇ ਹਰ ਵਿਅਕਤੀ ਨੂੰ ਵੋਟ ਪਾਉਣ ਲਈ ਜਾਗਰੂਕ ਕਰਨਾ ਪਵੇਗਾ।

ਇਸ ਮੌਕੇ ਸੇਵਾ ਟਰੱਸਟ ਦੇ ਮੈਂਬਰਾਂ ਨੇ ਸਹਿ-ਪ੍ਰਾਯੋਜਕ ਡਾਬਰ ਇੰਡੀਆ ਲਿਮਟਿਡ ਦੇ ਸਹਿਯੋਗ ਨਾਲ ਵੱਖ-ਵੱਖ ਪ੍ਰੋਗਰਾਮਾਂ ਤਹਿਤ 310 ਲੜਕੀਆਂ ਨੂੰ ਇਮਿਊਨਿਟੀ ਬੂਸਟਰ ਕਿੱਟ (ਚਵਨਪ੍ਰਾਸ਼, ਸ਼ਹਿਦ, ਸ਼ੈਂਪੂ, ਆਂਵਲਾ ਤੇਲ, ਪੇਸਟ, ਟਮਾਟਰ ਸੌਸ, ਗੁਲੂਕੋਜ਼) ਵੰਡੀ।

# ਕਰਮਜੀਤ ਸਿੰਘ ਗਰੇਵਾਲ ਵੱਲੋਂ ਗਾਈ ਪੰਜਾਬੀ ਵਰਨਮਾਲ਼ਾ ਦੀ ਵਾਰ ਰਿਲੀਜ਼

## ਬੱਚਿਆਂ ਲਈ ਅਨਮੋਲ ਤੋਹਫ਼ਾ-ਸ੍ਰ: ਹਰਜਿੰਦਰ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ ਸੈ ਸਿ ਲੁਧਿਆਣਾ



ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਬਾਲ ਸਾਹਿਤ ਰਚੇਤਾ ਕਰਮਜੀਤ ਸਿੰਘ ਗਰੇਵਾਲ (ਕੌਮੀ ਅਵਾਰਡ ਜੇਤੂ ਅਧਿਆਪਕ) ਨੇ ਨਿਵੇਕਲੀ ਤੇ ਵਿਲੱਖਣ ਕ੍ਰਿਤ ਪੰਜਾਬੀ ਵਰਨਮਾਲ਼ਾ ਦੀ ਵਾਰ ਤਿਆਰ ਕੀਤੀ ਹੈ। ਵਰਨਮਾਲ਼ਾ ਦੀ ਵਾਰ ਨੂੰ ਸ੍ਰ.ਹਰਜਿੰਦਰ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਲੁਧਿਆਣਾ ਨੇ ਆਪਣੇ ਕਰ ਕਮਲਾਂ ਨਾਲ ਰਿਲੀਜ਼ ਕੀਤਾ।ਉਹਨਾਂ ਇਸ ਨਿਵੇਕਲੀ ਪਹਿਲ ਬਾਰੇ ਬੋਲਦਿਆਂ ਕਿਹਾ ਕਿ ਅਧਿਆਪਕ ਕਰਮਜੀਤ ਸਿੰਘ ਗਰੇਵਾਲ ਵੱਲੋਂ ਤਿਆਰ ਪੰਜਾਬੀ ਵਰਨਮਾਲਾ ਦੀ ਵਾਰ ਵਿਦਿਆਰਥੀਆਂ ਲਈ ਅਨਮੋਲ ਤੋਹਫ਼ਾ ਹੈ। ਪੰਜਾਬੀ ਮਾਂ ਬੋਲੀ ਲਈ ਅਜਿਹੇ ਉੱਦਮ ਸਲਾਹੁਣਯੋਗ ਹਨ। ਊੜਾ ਉੱਠ ਪੰਜਾਬੀਆ ਨਾਲ਼ ਸ਼ੁਰੂ ਹੁੰਦੀ ਇਹ ਵਾਰ ਬੱਚਿਆਂ ਤੇ ਵੱਡਿਆਂ ਵਿੱਚ ਜੋਸ਼ ਭਰਦੀ ਹੈ। ਸ੍ਰ.ਜਸਵਿੰਦਰ ਸਿੰਘ ਵਿਰਕ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਲੁਧਿਆਣਾ ਨੇ ਕਰਮਜੀਤ ਸਿੰਘ ਗਰੇਵਾਲ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਆਖਿਆ ਕਿ ਇਹ ਵਾਰ ਬਾਲ ਮਨਾਂ ਨੂੰ ਮਨੋਰੰਜਨ ਦੇ ਨਾਲ਼ ਨਾਲ਼ ਪੰਜਾਬੀਅਤ ਪ੍ਰਤੀ ਪਿਆਰ ਕਰਨਾ ਸਿਖਾਉਂਦੀ ਹੈ। ਇਸ ਗੀਤ ਦਾ ਸੰਗੀਤ ਸਾਬੀ ਅਤੇ ਵੀਡੀਓ ਮਾਲਵਿੰਦਰ ਚੰਨੋ ਨੇ ਤਿਆਰ ਕੀਤਾ ਹੈ। ਵਰਨਣਯੋਗ ਹੈ ਕਿ ਕਰਮਜੀਤ ਸਿੰਘ ਗਰੇਵਾਲ ਦੇ ਕਈ ਗੀਤਾਂ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੁਰਸਕਾਰ ਮਿਲੇ ਹਨ। ਇਹਨਾਂ ਦੀ ਲਿਖੀ ਇੱਕ ਲੋਰੀ ਨੂੰ ਭਾਰਤ ਸਰਕਾਰ ਵੱਲੋਂ ਇੱਕ ਲੱਖ ਰੁਪਏ ਦਾ ਨਕਦ ਇਨਾਮ ਮਿਲ ਚੁੱਕਿਆ ਹੈ। ਬਾਲ ਗੀਤ, ਬਾਲ ਨਾਟਕ ਅਤੇ ਬਾਲ ਕਹਾਣੀਆਂ ਦੀਆਂ 10 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

# ਪੰਜਾਬ ਦੀ ਕਿਸਾਨਾਂ ਦੇ ਵਿਰੋਧ 'ਚ ਖੜ੍ਹੀ ਸੂਬਾ ਸਰਕਾਰ: ਪ੍ਰੋ. ਚੰਦੂਮਾਜਰਾ



ਦਲਵਿੰਦਰ ਸਿੰਘ ਮਨੋਚਾ, ਗੜ੍ਹਸ਼ੰਕਰ- ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਵਿਖੇ ਹਲਕਾ ਇੰਚਾਰਜ਼ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਦੀ ਅਗਵਾਈ ਵਿੱਚ ਹਲਕੇ ਦੇ ਪਿੰਡ ਕੁੱਕੜਮਜ਼ਾਰਾ, ਬਗਵਾਈਂ, ਮੋਇਲਾ ਵਾਹਿਦਪੁਰ ਤੋਂ ਇਲਾਵਾ ਡੇਢ ਦਰਜਨ ਪਿੰਡਾਂ ਵਿੱਚ ਚੋਣ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਸਰਕਾਰ ਬਣਨ ਤੋਂ ਪਹਿਲਾਂ ਕਿਸਾਨ ਪੱਖੀ ਅਖਵਾਉਣ ਵਾਲੀ ਆਪ ਸਰਕਾਰ ਅੱਜ ਕਿਸਾਨ ਵਿਰੋਧੀ ਬਣ ਗਈ ਹੈ। ਉਨ੍ਹਾਂ ਆਖਿਆ ਕਿ ਪੰਜਾਬ-ਹਰਿਆਣਾ ਦੇ ਬਾਰਡਰਾਂ ਉੱਪਰ ਰੁਲ ਰਹੀ ਸੂਬੇ ਦੀ ਕਿਸਾਨੀ ਪ੍ਰਤੀ ਆਪ ਸਰਕਾਰ ਸੁਹਿਰਦ ਨਹੀਂ ਜਾਪਦੀ। ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਵਿਰੋਧੀ ਧਿਰ ਦਾ ਰੋਲ ਨਿਭਾਉਣ ਵਾਲੀ ਕਾਂਗਰਸ ਪਾਰਟੀ ਦੇ ਆਪ ਨਾਲ ਹੋਏ ਗਠਜੋੜ ਨੇ ਸਰਕਾਰ ਦੀ ਆਲੋਚਨਾ ਕਰਨ ਦੀ ਥਾਂ ਸੱਤਾਧਾਰੀਆਂ ਦੀ ਹਿਤੈਸ਼ੀ ਬਣਾ ਦਿੱਤਾ ਹੈ। ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਪੰਜਾਬ ਦੇ ਕਿਸਾਨ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੇ ਜੇਠ ਦੀਆਂ ਤੱਪਦੀਆਂ ਧੁੱਪਾਂ ਦਾ ਸੇਕ ਆਪਣੀ ਪਿੰਡੇ ਤੇ ਹੰਡਾ ਰਹੇ ਹਨ, ਪਰ ਮਾਨ ਸਰਕਾਰ ਨੇ ਆਪਣੇ ਅੰਨਦਾਤੇ ਨੂੰ ਖੁੱਲ੍ਹੇ ਅਸਮਾਨ ਹੇਠ ਗਰਮੀਆਂ ਦੀ ਰਾਤਾਂ ਘਰਾਂ ਤੋਂ ਬਾਹਰ ਗੁਜ਼ਾਰਨ ਲਈ ਮਜ਼ਬੂਰ ਕੀਤਾ ਹੋਇਆ ਹੈ ਅਤੇ ਸੂਬਾ ਸਰਕਾਰ ਨੇ ਕਿਸਾਨਾਂ ਦੀ ਸਾਰ ਨਹੀਂ ਲਈ।

ਇਸ ਮੌਕੇ ਹਲਕਾ ਇੰਚਾਰਜ ਸਾਬਕਾ ਚੇਅਰਮੈਨ ਹਰਜੀਤ ਸਿੰਘ, ਜਸਬੀਰ ਸਿੰਘ ਕੁੱਕੜ ਮੁਜ਼ਾਰਾ, ਕੌਮੀ ਮੀਤ ਪ੍ਰਧਾਨ ਅਜੀਤ ਸਿੰਘ ਭਾਰਤਪੁਰ, ਬੂਟਾ ਸਿੰਘ ਅਲੀਪੁਰ , ਜੋਗਾ ਸਿੰਘ ਇਬਰਾਹੀਮਪੁਰ , ਡਾ. ਕਿਸ਼ਨ ਬੱਧਣ, ਸੁਰਿੰਦਰ ਸਿੰਘ ਦਾਰਾਪੁਰੀ, ਅਜੇ ਖੇਪੜ, ਕੁਲਵਿੰਦਰ ਸਿੰਘ ਕੁੱਕੜ ਮਜ਼ਾਰਾ, ਕੁਲਵੰਤ ਸਿੰਘ ਕੁੱਕੜ ਮਜ਼ਾਰਾ, ਹਰਪ੍ਰੀਤ ਸਿੰਘ ਰਿੰਕੂ ਬੇਦੀ, ਕੁਲਵਰਨ ਸਿੰਘ, ਹਰਭਜਨ ਸਿੰਘ ਡੀਪੀ, ਜਥੇ. ਸੁਖਵਿੰਦਰ ਸਿੰਘ, ਜਥੇ. ਕੁਲਵਰਨ ਸਿੰਘ ਮੋਲਾ, ਗੁਰਬਾਜ ਸਿੰਘ, ਪਰਮਜੀਤ ਸਿੰਘ ਮੌਜੀਪੁਰ, ਲੰਬੜਦਾਰ ਸੁੱਚਾ ਸਿੰਘ, ਜਰਨੈਲ ਸਿੰਘ, ਹਰਦੀਪ ਸਿੰਘ, ਹਰਵਿੰਦਰ ਸਿੰਘ ਲੰਬੜਦਾਰ, ਅਮਰੀਕ ਸਿੰਘ ਕੁੱਲੇਵਾਲ, ਸਾਬਕਾ ਸਰਪੰਚ ਸੁਨੀਤਾ ਦੇਵੀ, ਹੈਪੀ ਮੌਲਾ, ਕੁਲਵਿੰਦਰ ਸਿੰਘ ਬਿੱਲਾ, ਸਾਬਕਾ ਸਰਪੰਚ ਗੁਰਨੇਕ ਸਿੰਘ, ਮਨਰਾਜਵੀਰ ਸਿੰਘ, ਗੁਰਦੀਪ ਸਿੰਘ ਲੰਬੜਦਾਰ, ਇਕਬਾਲ ਸਿੰਘ ਬੇਦੀ, ਰਣਬੀਰ ਸਿੰਘ ਬੇਦੀ, ਸੁਰਿੰਦਰ ਕੁਮਾਰ, ਕਰਮਵੀਰ ਸਿੰਘ ਢੇਸੀ, ਹਰਸ਼ਵੀਰ ਸਿੰਘ, ਮਨਵੀਰ ਸਿੰਘ ਰਾਏ, ਗੁਰਪ੍ਰੀਤ ਸਿੰਘ, ਦਵਿੰਦਰ ਸਿੰਘ ਫਤਹਿਪੁਰ, ਚਰਨਜੀਤ ਸਿੰਘ ਦਿਉਲ ਆਦਿ ਮੌਜੂਦ ਸਨ।

# ਅਸੀਂ ਹੋਰਨਾਂ ਪਾਰਟੀਆਂ ਵਾਂਗ ਝੂਠੇ ਵਾਅਦੇ ਕਰਨਾ ਨਹੀਂ ਜਾਣਦੇ : ਸਿਮਰਨਜੀਤ ਸਿੰਘ ਮਾਨ



ਮਾਲੇਰਕੋਟਲਾ, 18 ਮਈ (ਗੁਰਤੇਜ ਜੋਸੀ) ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੂੰ ਲੋਕ ਸਭਾ ਹਲਕਾ ਸੰਗਰੂਰ ਅਧੀਨ ਆਉਂਦੇ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਚੋ ਵੱਖ-ਵੱਖ ਪਿੰਡਾਂ 'ਚ ਚੋਣ ਪ੍ਰਚਾਰ ਦੌਰਾਨ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਦੌਰਾਨ ਵੱਖ-ਵੱਖ ਥਾਵਾਂ 'ਤੇ ਸਿਮਰਨਜੀਤ ਸਿੰਘ ਮਾਨ ਦਾ ਪਿੰਡ ਵਾਸੀਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ।ਵੱਖ-ਵੱਖ ਪਿੰਡਾਂ 'ਚ ਹੋਏ ਭਰਵੇਂ ਇਕੱਠਾਂ ਨੂੰ ਸੰਬੋਧਨ ਕਰਦਿਆਂ ਸਿਮਰਨਜੀਤ ਮਾਨ ਨੇ ਕਿਹਾ ਕਿ ਅਸੀਂ ਹੋਰਨਾਂ ਪਾਰਟੀਆਂ ਵਾਂਗ ਝੂਠੇ ਵਾਅਦੇ ਕਰਨਾ ਨਹੀਂ ਜਾਣਦੇ ਅਤੇ ਨਾ ਹੀ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਸਿਆਸਤ 'ਚ ਯਕੀਨ ਰੱਖਦੇ ਆ, ਇਸ ਲਈ ਅਸੀਂ ਤੁਹਾਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਤੁਹਾਡੇ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਵਾਉਣ ਲਈ ਵਚਨਬੱਧ ਹੋਵਾਂਗੇ। ਤੁਹਾਡੇ ਦੁੱਖ-ਸੁੱਖ ਦੇ ਸਾਥੀ ਬਣ ਕੇ ਕੰਮ ਕਰਾਂਗੇ ।ਉਨ੍ਹਾਂ ਕਿਹਾ ਕਿ ਜੋ ਵਾਅਦੇ ਸਰਕਾਰਾਂ ਮੁਕਰ ਗਈਆਂ ਹਨ, ਉਨ੍ਹਾਂ ਨੂੰ ਅਸੀਂ ਪੂਰਾ ਕਰਵਾਵਾਂਗੇ, ਜਿਸਦੇ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਤੁਹਾਡੇ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ। ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਹੱਕਾਂ ਦੀ ਰਾਖੀ, ਹਲਕੇ ਦੇ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਪੂਰਾ ਕਰਵਾਉਣ ਲਈ ਅਤੇ ਘੱਟ ਗਿਣਤੀ ਕੌਮਾਂ ਨਾਲ ਹੋਣ ਵਾਲੇ ਭੇਦਭਾਵ ਨੂੰ ਰੋਕਣ ਲਈ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਈ ਜਾਵੇ ।ਸਿਮਰਨਜੀਤ ਮਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਲੋਕ ਪੱਖੀ ਪਾਰਟੀ ਹੈ, ਜਿਸਦਾ ਮੁੱਖ ਉਦੇਸ਼ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣਾ ਹੈ।

# ਵੋਟ ਦੀ ਚੋਟ ਨਾਲ ਰੋਹ ਦਾ ਪ੍ਰਗਟਾਵਾ ਕਰਨਗੇ ਮੁਲਾਜ਼ਮ ਤੇ ਪੈਨਸ਼ਨਰ



ਦਲਵਿੰਦਰ ਸਿੰਘ ਮਨੋਚਾ, ਗੜ੍ਹਸ਼ੰਕਰ- ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਧਾਰੀ ਚੁੱਪ ਅਤੇ ਕੇਂਦਰ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਖ਼ਿਲਾਫ਼ ਮੁਲਾਜ਼ਮ ਅਤੇ ਪੈਨਸ਼ਨਰ ਵੋਟ ਦੀ ਚੋਟ ਨਾਲ ਆਪਣੇ ਰੋਹ ਦਾ ਪ੍ਰਗਟਾਵਾ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮੱਖਣ ਸਿੰਘ ਵਾਹਿਦਪੁਰੀ ,ਪਿਆਰਾ ਸਿੰਘ,ਰਾਮਜੀ ਦਾਸ ਚੌਹਾਨ ਤੇ ਸ਼ਾਮ ਸੁੰਦਰ ਕਪੂਰ ਦੀ ਪ੍ਰਧਾਨਗੀ ਹੇਠ ਹੋਈ ਚੇਤਨਾ ਕਨਵੈਨਸ਼ਨ ਦੌਰਾਨ ਕੀਤਾ ਗਿਆ ।ਆਰੰਭ ਵਿੱਚ ਪ੍ਰਸਿੱਧ ਪੰਜਾਬੀ ਸ਼ਾਇਰ ਪਦਮ ਸ਼੍ਰੀ ਸੁਰਜੀਤ ਪਾਤਰ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ ਅਤੇ ਉਨ੍ਹਾਂ ਦੀ ਸਾਹਿਤਕ ਦੇਣ ਨੂੰ ਯਾਦ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ,ਪੈਨਸ਼ਨਰਾਂ ,ਨੌਜਵਾਨਾਂ, ਕਿਸਾਨਾਂ ਅਤੇ ਆਮ ਲੋਕਾਂ ਨਾਲ ਕੀਤੇ ਗਏ ਵਾਅਦੇ ਭੁੱਲ ਗਈ ਹੈ ਅਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਤੋਂ ਇਨਕਾਰੀ ਹੋ ਚੁੱਕੀ ਹੈ। ਮੁਲਾਜ਼ਮ ਆਗੂਆਂ ਨੂੰ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੈ। ਉਨ੍ਹਾਂ ਪੁਰਾਣੀ ਪੈਨਸ਼ਨ ਤੁਰੰਤ ਬਹਾਲ ਕਰਨ,ਪੇ ਕਮਿਸ਼ਨ ਦੇ ਬਕਾਏ ਜਾਰੀ ਕਰਨ,ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਦੇਣ, ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਮਾਣ ਭੱਤਾ ਕਰਮਚਾਰੀਆਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿਚ ਲਿਆਉਣ, ਮੁਲਾਜ਼ਮਾਂ ਦੇ ਕੱਟੇ 37 ਭੱਤੇ ਬਹਾਲ ਕਰਨ, ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਨਸ਼ਾ ਤਸਕਰਾਂ ਵਿਰੁੱਧ ਫ਼ੈਸਲਾਕੁਨ ਕਾਰਵਾਈ ਕਰਨ , ਵੱਧਦੀ ਮਹਿੰਗਾਈ ਨੂੰ ਨੱਥ ਪਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਇਨ੍ਹਾਂ ਚੋਣਾਂ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਮੌਜੂਦਾ ਕੇਂਦਰ ਤੇ ਰਾਜ ਸਰਕਾਰ ਵਿਰੁੱਧ ਵੋਟ ਦੀ ਚੋਟ ਲਾ ਕੇ ਆਪਣੇ ਰੋਹ ਦਾ ਪ੍ਰਗਟਾਵਾ ਕਰਨਗੇ। ਇਸ ਮੌਕੇ ਜਗਦੀਸ਼ ਰਾਇ,ਬਲਵੰਤ ਰਾਮ,ਸਰੂਪ ਚੰਦ,ਸ਼ਿੰਗਾਰਾ ਰਾਮ,ਗਿਆਨੀ ਅਵਤਾਰ ਸਿੰਘ,ਪਵਨ ਕੁਮਾਰ,ਜੀਤ ਬਗਵਾਈ, ਵਿਨੋਦ ਕੁਮਾਰ, ਸ਼ਤੀਸ਼ ਕੁਮਾਰ, ਸ਼ਰਮੀਲਾ ਰਾਣੀ, ਜਸਵਿੰਦਰ ਕੌਰ, ਨਰੇਸ਼ ਬੱਗਾ,ਚਾਨਣ ਥਾਂਦੀ,ਪਰਮਾ ਨੰਦ, ਬੰਸੀ ਲਾਲ, ਰੂਪ ਲਾਲ ਨੇ ਵੀ ਸੰਬੋਧਨ ਕੀਤਾ।

## ਹਲਕਾ ਬਾਬਾ ਬਕਾਲਾ ਸਾਹਿਬ ਤੋਂ ਕਾਂਗਰਸ ਦੀ ਜਿੱਤ ਲਈ ਮਾਹੌਲ ਪੂਰੀ ਤਰ੍ਹਾਂ ਤਿਆਰ-ਭਲਾਈਪੁਰ



ਰਈਆ ਬਾਬਾ ਬਕਾਲਾ /18 ਮਈ /ਬਲਵਿੰਦਰ ਸਿੰਘ ਸੰਧੂ /ਗੌਰਵ ਸ਼ਰਮਾ ਪੰਜਾਬ ਦੇ ਵਾਸੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ 2 ਸਾਲ ਦੇ ਵਿੱਚ ਲੋਕ ਹੀ ਤੰਗ ਹੋ ਗਏ ਹਨ। ਇਸ ਨੂੰ ਆਮ ਆਦਮੀ ਦੀ ਸਰਕਾਰ ਨਹੀਂ ਸਗੋਂ ਝੂਠਿਆਂ ਦਾ ਗਰੁੱਪ ਕਹਿਣਾ ਚਾਹੀਦਾ ਹੈ। ਇਹ ਵਿਚਾਰ ਕਾਂਗਰਸ ਦੇ ਹਲਕਾ ਇੰਚਾਰਜ ਸੰਤੋਖ ਸਿੰਘ ਭਲਾਈਪੁਰ ਵੱਲੋਂ ਹਲਕੇ ਵਿਚ ਕੀਤੀਆਂ ਜਨ ਸਭਾਵਾਂ ਮੌਕੇ ਪ੍ਰਗਟਾਏ ਹਲਕਾ ਬਾਬਾ ਬਕਾਲਾ ਸਾਹਿਬ ਵਿੱਚ ਕਾਂਗਰਸ ਉਮੀਦਵਾਰ ਕੁਲਬੀਰ ਸਿੰਘ ਜੀਰਾ ਦੀ ਚੋਣ ਮੁਹਿੰਮ ਨੂੰ ਪਿੰਡਾਂ ਅਤੇ ਸ਼ਹਿਰਾਂ ਅੰਦਰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਸੰਤੋਖ ਸਿੰਘ ਭਲਾਈਪੁਰ ਨੇ ਵੱਖ ਵੱਖ ਪਿੰਡਾਂ ਵਿਖੇ ਹੋ ਰਹੇ ਵੱਡੇ ਇਕੱਠਾਂ ਸੰਬੋਧਨ ਕਰਦਿਆਂ ਹੋਇਆ ਲੋਕਾ ਨੂੰ ਕਾਂਗਰਸ ਦੀਆਂ ਲੋਕ ਅਤੇ ਦੇਸ਼ ਪੱਖੀ ਨੀਤੀਆਂ ਤੋਂ ਜਾਣੂ ਕਰਵਾਇਆ।ਇਸ ਮੌਕੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਨੇ ਬੋਲਦਿਆਂ ਕਿਹਾ ਕਿ ਹਲਕਾ ਵਾਸੀਆਂ ਤੋਂ ਮਿਲ ਰਹੇ ਮਣਾਂ ਮੂੰਹੀ ਪਿਆਰ ਸਦਕਾ ਇਸ ਵਾਰ ਇਹ ਪ੍ਰਤੱਖ ਹੈ ਕੇ ਲੋਕ ਕੁਲਬੀਰ ਸਿੰਘ ਜੀਰਾ ਦੇ ਸਿਰ 'ਤੇ ਹੀ ਜਿੱਤ ਦਾ ਤਾਜ਼ ਪਹਿਨਾਉਣਗੇ।ਸਰਦਾਰ ਸੰਤੋਖ ਸਿੰਘ ਭਲਾਈਪੁਰ ਨੇ ਕਿਹਾ ਕਿ ਦੇਸ਼ ਅਤੇ ਪੰਜਾਬ ਦੇ ਭਲੇ ਲਈ ਜੇ ਕੋਈ ਪਾਰਟੀ ਹੈ ਤਾਂ ਸਿਰਫ ਕਾਂਗਰਸ ਹੀ ਇਕ ਪਾਰਟੀ ਹੈ।ਇਸ ਲਈ ਕਾਂਗਰਸ ਨੂੰ ਵੋਟਾਂ ਪਾ ਕੇ ਜੀਰਾ ਜੀ ਨੂੰ ਕਾਮਯਾਬ ਬਣਾਓ ਤਾਂ ਕਿ ਅਸੀਂ ਹਲਕੇ ਦੇ ਵਿਕਾਸ ਵਾਸਤੇ ਉਹਨਾਂ ਤੋਂ ਫੰਡ ਲੈ ਸਕੀਏ। ਇਸ ਮੌਕੇ ਯੂਥ ਪ੍ਰਧਾਨ ਜਰਮਨਜੀਤ ਸਿੰਘ,ਰਣਜੀਤ ਸਿੰਘ ਭੇਰਸੀ,ਹਰਿੰਦਪਾਲ ਸਿੰਘ ਮੱਲ,ਸਰਪੰਚ ਸਰਬਜੀਤ ਸਿੰਘ ਖੱਖ,ਸਰਪੰਚ ਦਲੇਰ ਸਿੰਘ,ਹੈਪੀ ਕਾਜੀਵਾਲ,ਸਰਪੰਚ ਬਲਦੇਵ ਸਿੰਘ,ਸਰਪੰਚ ਗੁਰਵਿੰਦਰ ਸਿੰਘ,ਰਾਜਾ ਲੋਹਗੜ੍ਹ,ਬਾਊ ਤਿਮੋਵਾਲ,ਬੂਟਾ ਪ੍ਰਧਾਨ,ਰੇਸ਼ਮ ਸਿੰਘ, ਗੁਲਜਾਰ ਸਿੰਘ,ਕਰਨਬੀਰ ਸਿੰਘ,ਗੁਲਾਬ ਸਿੰਘ ਬਲਵੀਰ ਸਿੰਘ ਸਵਿੰਦਰ ਸਿੰਘ ਮਨਜੀਤ ਸਿੰਘਕਸ਼ਮੀਰ ਸਿੰਘ ਸੁਖਦੇਵ ਸਿੰਘ ਹਸਨ ਸਿੰਘ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਅਤੇ ਕਾਂਗਰਸ ਦੇ ਜੁਝਾਰੂ ਵਰਕਰ ਹਾਜ਼ਰ ਸਨ।

## ਔਰਤਾਂ ਨੂੰ ਕਿੱਤਾ ਮੁਖੀ ਬਣਾਉਣ 'ਚ ਵਢਮੁੱਲਾ ਯੋਗਦਾਨ ਪਾ ਰਹੀ ਸਰਬ ਨੌਜਵਾਨ ਸਭਾ : ਵਰਮਾ







ਫਗਵਾੜਾ 18 ਮਈ (ਸ਼ਿਵ ਕੋੜਾ) ਔਰਤਾਂ ਨੂੰ ਸਵੈ-ਰੁਜ਼ਗਾਰ ਨਾਲ ਜੋੜਨ ਅਤੇ ਆਤਮ-ਨਿਰਭਰ ਬਣਾਉਣ ਦੇ ਮੰਤਵ ਨਾਲ ਸਰਬ ਨੌਜਵਾਨ ਸਭਾ ਵੱਲੋਂ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਦੇਖ-ਰੇਖ ਹੇਠ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਥਾਨਕ ਹੁਸ਼ਿਆਰਪੁਰ ਰੋਡ ਸਥਿਤ ਸਕੀਮ ਨੰਬਰ ਤਿੰਨ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਦਾ ਸੋਸਵਾ ਪੰਜਾਬ ਦੇ ਮੈਂਬਰ ਡਾਇਰੈਕਟਰ ਡੀ.ਕੇ. ਵਰਮਾ ਰਿਟਾ. ਚੀਫ ਕਮਿਸ਼ਨਰ ਆਬਕਾਰੀ ਵਿਭਾਗ ਵਲੋਂ ਦੌਰਾ ਕੀਤਾ ਗਿਆ। ਇਸ ਦੌਰਾਨ ਉਹਨਾਂ ਸਭਾ ਵਲੋਂ ਵੋਕੇਸ਼ਨਲ ਸੈਂਟਰ 'ਚ ਲੜਕੀਆਂ ਨੂੰ ਕਿੱਤਾ ਮੁਖੀ ਕੋਰਸਾਂ ਦੀ ਦਿੱਤੀ ਜਾ ਰਹੀ ਸਿਖਲਾਈ ਦੇ ਕੰਮ ਦਾ ਨਰੀਖਣ ਕੀਤਾ। ਉਹਨਾਂ ਦੇ ਨਾਲ ਸੋਸਵਾ ਪੰਜਾਬ ਦੇ ਪ੍ਰੋਗਰਾਮਿੰਗ ਮੈਨੇਜਰ ਪ੍ਰਮੋਦ ਸੋਬਤੀ ਵੀ ਸਨ। ਜਿਨ੍ਹਾਂ ਦਾ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਭਾ ਦੇ ਮੈਂਬਰਾਂ ਅਤੇ ਸੈਂਟਰ ਦੀਆਂ ਲੜਕੀਆਂ ਵਲੋਂ ਸਵਾਗਤ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਸੁਖਵਿੰਦਰ ਸਿੰਘ ਨੇ ਉਨ੍ਹਾਂ ਨੂੰ ਸੈਂਟਰ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਮੈਂਬਰ ਡਾਇਰੈਕਟਰ ਡੀ.ਕੇ. ਵਰਮਾ ਨੇ ਸੈਂਟਰ ਦੇ ਕੰਮਾਂ ਪ੍ਰਤੀ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਔਰਤਾਂ ਨੂੰ ਕਿੱਤਾ ਮੁਖੀ ਕੋਰਸਾਂ ਦੀ ਸਿਖਲਾਈ ਦੇਣ ਪ੍ਰਤੀ ਸਭਾ ਦੀ ਵਚਨਬੱਧਤਾ ਅਤੇ ਸਮਰਪਣ ਤੋਂ ਪ੍ਰਭਾਵਿਤ ਹੁੰਦਿਆਂ ਸਭਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਵਿੱਚ ਸਰਬ ਨੌਜਵਾਨ ਸਭਾ ਵਢਮੁੱਲਾ ਯੋਗਦਾਨ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜੋਕੇ ਮਹਿੰਗਾਈ ਦੇ ਯੁੱਗ ਵਿੱਚ ਹਰੇਕ ਘਰੇਲੂ ਔਰਤ ਦਾ ਸਵੈ-ਰੁਜ਼ਗਾਰਤ ਹੋਣਾ ਬਹੁਤ ਜ਼ਰੂਰੀ ਹੋ ਗਿਆ ਹੈ, ਤਾਂ ਜੋ ਪਰਿਵਾਰ ਦਾ ਗੁਜ਼ਾਰਾ ਆਸਾਨੀ ਨਾਲ ਹੋ ਸਕੇ। ਉਨ੍ਹਾਂ ਕਿਹਾ ਕਿ ਸੋਸਵਾ ਪੰਜਾਬ ਵੱਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਔਰਤਾਂ ਨੂੰ ਦਸਤਕਾਰੀ ਦੀ ਸਿਖਲਾਈ ਦੇ ਕੇ ਉਨ੍ਹਾਂ ਨੂੰ ਸਵੈ-ਰੁਜ਼ਗਾਰ ਬਣਾਉਣ ਲਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ। ਸਭਾ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਪਤਵੰਤਿਆਂ ਨੂੰ ਸਭਾ ਵਲੋਂ ਕੀਤੇ ਜਾਣ ਵਾਲੇ ਹੋਰ ਸਮਾਜ ਸੇਵੀ ਕਾਰਜਾਂ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ, ਵਾਤਾਵਰਨ ਦੀ ਸੰਭਾਲ, ਨਸ਼ਿਆਂ ਵਿਰੁੱਧ ਸੈਮੀਨਾਰ, ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨਾ ਆਦਿ ਅਨੇਕਾਂ ਕਾਰਜ ਸਭਾ ਵੱਲੋਂ ਪਿਛਲੇ 35 ਸਾਲਾਂ ਤੋਂ ਲਗਾਤਾਰ ਕੀਤਾ ਜਾ ਰਹੇ ਹਨ। ਸਭਾ ਵਲੋਂ ਮੈਂਬਰ ਡਾਇਰੈਕਟਰ ਡੀ.ਕੇ. ਵਰਮਾ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ

## ਪ੍ਰੈੱਸ ਕਲੱਬ ਸਬਡਵੀਜ਼ਨ ਦੇ ਮੈਬਰਾਂ ਵੱਲੋਂ ਕਕਰਾਲੀ ਸਕੂਲ 'ਚ ਵੰਡੀ ਸਿੱਖਿਆ ਸਮੱਗਰੀ
## ਬੈਗ , ਕਾਪੀਆਂ , ਪੈਨ, ਪੈਨਸਿਲਾਂ ਬੱਚਿਆਂ ਦੀ ਮੁੱਖ ਲੋੜ: ਪ੍ਰਧਾਨ ਰਾਜਪੂਤ
## ਵਿਦਿਆ ਦਾਨ ਵਿਚ ਪ੍ਰੈਸ ਕਲੱਬ ਪਾ ਰਿਹਾ ਆਪਣਾ ਵੱਡਮੁੱਲਾ ਯੋਗਦਾਨ




ਡੇਰਾਬੱਸੀ, 18 ਅਪ੍ਰੈਲ, ਸੰਜੀਵ ਸਿੰਘ ਸੈਣੀ ਡੇਰਾਬੱਸੀ ਪ੍ਰੈੱਸ ਕਲੱਬ ਸਬ ਡਵੀਜ਼ਨ ਡੇਰਾਬੱਸੀ ( ਰਜਿ: 2589 ) ਵੱਲੋਂ ਡੇਰਾਬਸੀ ਵੱਲੋਂ 'ਪੜ੍ਹਦਾ ਪੰਜਾਬ ' ਮੁਹਿੰਮ ਡੇਰਾਬੱਸੀ ਰਾਮਗੜ੍ਹ ਰੋਡ 'ਤੇ ਪੈਂਦੇ ਪਿੰਡ ਕਕਰਾਲੀ ਦੇ ਸਰਕਾਰੀ ਐਲਮੈਂਟਰੀ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਕਲੱਬ ਦੇ ਪ੍ਰਧਾਨ ਮਨੋਜ ਰਾਜਪੂਤ ਦੀ ਅਗਵਾਈ ਵਿਚ ਪ੍ਰੈੱਸ ਕਲੱਬ ਨੇ ਜ਼ਰੂਰਤਮੰਦ ਬੱਚਿਆਂ ਨੂੰ ਸਕੂਲ ਬੈਗ, ਪੈੱਨ, ਪੈਨਸਿਲ ਰਬੜ ਅਤੇ ਕਾਪੀਆਂ ਸਮੇਤ ਸਿੱਖਿਆ ਸਮੱਗਰੀ ਵੰਡੀ । ਪ੍ਰੈਸ ਕਲੱਬ ਪਿਛਲੇ ਤਿੰਨ ਸਾਲਾਂ ਤੋਂ ਸਿੱਖਿਆ ਸਮੱਗਰੀ ਵੰਡ ਕੇ ਵਿਦਿਆ ਦਾ ਦਾਨ ਸਭ ਤੋਂ ਵੱਡਾ ਦਾਨ ਵਿੱਚ ਆਪਣਾ ਯੋਗਦਾਨ ਪਾਉਂਦਾ ਆ ਰਿਹਾ ਹੈ। ਇਸ ਤੋਂ ਇਲਾਵਾ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਦੇ ਲਈ ਪ੍ਰੈੱਸ ਕਲੱਬ ਹਰ ਸੰਭਵ ਮੱਦਦ ਕਰੇਗਾ । ਇਸ ਮੌਕੇ ਪ੍ਰਧਾਨ ਮਨੋਜ ਰਾਜਪੂਤ ਨੇ ਭਰੋਸਾ ਦਿੱਤਾ ਕਿ ਬਲਾਕ ਦੇ ਹੋਰਨਾਂ ਜ਼ਰੂਰਤਮੰਦ ਬੱਚਿਆਂ ਲਈ ਸਟੇਸ਼ਨਰੀ ਤੋਂ ਇਲਾਵਾ ਵਰਦੀਆਂ ਜੁੱਤੇ ਆਦਿ ਸਮੱਗਰੀ ਮੁਹੱਈਆ ਕਰਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪ੍ਰਾਈਮਰੀ ਸਕੂਲ ਦੇ ਲੋੜਵੰਦ ਬੱਚਿਆਂ ਲਈ 120 ਕਾਪੀਆਂ, 30 ਸਕੂਲ ਬੈਗ, 150 ਬਾਲ ਪੈਨ, 30 ਪੈਨਸਿਲ ਸਕੇਲ ਕਿੱਟਾਂ ਭੇਂਟ ਕੀਤੀਆ ਗਈਆ ਹਨ। ਸਕੂਲ ਦੀ ਮੁੱਖ ਅਧਿਆਪਕ ਜੋਤੀ ਸ਼ਰਮਾ, ਰੇਖਾ ਰਾਣੀ, ਏਕਤਾ ਰਾਣੀ, ਸੰਜੀਵ ਕੁਮਾਰ, ਰਾਧੇ ਸ਼ਿਆਮ, ਗੁਰਸ਼ਰਨ ਕੌਰ, ਜਸਵਿੰਦਰ ਕੌਰ, ਰੁਪਿੰਦਰ ਕੌਰ ਅਤੇ ਬਲਾਕ ਸੰਮਤੀ ਮੈਂਬਰ ਛੱਜਾ ਸਿੰਘ ਅਤੇ ਸਰਪੰਚ ਪਰਮਜੀਤ ਸਿੰਘ ਨੇ ਪ੍ਰੈੱਸ ਕਲੱਬ ਵੱਲੋਂ ਕੀਤੇ ਇਸ ਉਪਰਾਲੇ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰੈੱਸ ਕਲੱਬ ਦੇ ਚੇਅਰਮੈਨ ਰਣਬੀਰ ਸਿੰਘ ਪੜ੍ਹੀ, ਜਨਰਲ ਸਕੱਤਰ ਗੁਰਜੀਤ ਸਿੰਘ ਈਸਾਪੁਰ, ਚੀਫ਼ ਐਡਵਾਈਜ਼ਰ ਚੰਦਰਪਾਲ ਅੱਤਰੀ, ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ, ਸਰੂਪਸਤ ਇਕਬਾਲ ਸਿੰਘ ਅਤੇ ਯਸ਼ਪਾਲ ਚੌਹਾਨ, ਪ੍ਰੈਸ ਸਕੱਤਰ ਪੁਸ਼ਪਿੰਦਰ ਕੌਰ, ਮੀਡੀਆ ਐਡਵਾਇਜ਼ਰ ਸੁਰਿੰਦਰ ਪੁਰੀ, ਕਾਰਜਕਾਰਨੀ ਮੈਂਬਰ ਹਰਦੀਪ ਸਿੰਘ ਆਦਿ ਮੈਂਬਰ ਹਾਜ਼ਰ ਸਨ।

## ਸ਼੍ਰੀ ਸ਼ਨੀਦੇਵ ਮੰਦਿਰ ਧਰਮਪੁਰਾ ਕਲੋਨੀ ਵਿੱਚ ਧੂਮਧਾਮ ਨਾਲ ਮਨਾਈ ਜਾਵੇਗੀ ਸ਼੍ਰੀ ਸ਼ਨੀਦੇਵ ਜੈਅੰਤੀ : ਸ਼ਿਵ ਕੁਮਾਰ ਸਾਨਨ







ਬਟਾਲਾ, 18 ਮਈ:(ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ) ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼੍ਰੀ ਸ਼ਨੀਦੇਵ ਮੰਦਿਰ ਧਰਮਪੁਰਾ ਕਲੋਨੀ ਵਿਖੇ ਮੰਦਿਰ ਟਰੱਸਟ ਵੱਲੋਂ ਸ਼੍ਰੀ ਸ਼ਨੀਦੇਵ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੀ ਸ਼ਨੀਦੇਵ ਮੰਦਰ ਟਰੱਸਟ ਧਰਮਪੁਰਾ ਕਲੋਨੀ ਦੇ ਚੇਅਰਮੈਨ ਸ਼ਿਵ ਕੁਮਾਰ ਸਾਨਨ, ਪ੍ਰਧਾਨ ਪਵਨ ਕੁਮਾਰ ਘਈ ਅਤੇ ਜਨਰਲ ਸਕੱਤਰ ਨਰੇਸ਼ ਕੁਮਾਰ ਮਹਾਜਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਹਰ ਸਾਲ ਮੰਦਿਰ ਟਰੱਸਟ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸ਼੍ਰੀ ਸ਼ਨੀਦੇਵ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਂਦਾ ਹੈ ਅਤੇ ਇਸ ਵਾਰ ਵੀ ਸ਼੍ਰੀ ਸ਼ਨੀਦੇਵ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ 6 ਜੂਨ ਦਿਨ ਵੀਰਵਾਰ ਨੂੰ ਸ਼੍ਰੀ ਸ਼ਨੀਦੇਵ ਮੰਦਰ ਧਰਮਪੁਰਾ ਕਲੋਨੀ ਵਿਖੇ ਮਨਾਇਆ ਜਾ ਰਿਹਾ ਹੈ|. ਉਨ੍ਹਾਂ ਦੱਸਿਆ ਕਿ ਇਸ ਦਿਨ ਸਭ ਤੋਂ ਪਹਿਲਾਂ ਸਵੇਰੇ 4 ਵਜੇ ਸ਼੍ਰੀ ਸ਼ਨੀਦੇਵ ਮਹਾਰਾਜ ਜੀ ਦੀ ਮੂਰਤੀ ਨੂੰ ਇਸ਼ਨਾਨ ਕਰਵਾਇਆ ਜਾਵੇਗਾ| ਇਸ ਉਪਰੰਤ ਸਵੇਰੇ 10 ਵਜੇ ਹਵਨ ਯੱਗ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੌਕੇ ਬਾਬਾ ਵਿਨਾਇਕ ਜੀ ਭਗਵਾਨ ਸ਼੍ਰੀ ਸ਼ਨੀਦੇਵ ਜੀ ਦਾ ਗੁਣਗਾਨ ਕਰਨਗੇ ਜਦਕਿ ਲੰਗਰ ਭੰਡਾਰਾ ਸਾਰਾ ਦਿਨ ਚੱਲਦਾ ਰਹੇਗਾ। ਉਨ੍ਹਾਂ ਦੱਸਿਆ ਕਿ ਮੰਦਰ ਟਰੱਸਟ ਵੱਲੋਂ ਇਸ ਮੇਲੇ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਸੇਵਾਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਭਗਵਾਨ ਸ਼੍ਰੀ ਸ਼ਨੀਦੇਵ ਜੀ ਦਾ ਆਸ਼ੀਰਵਾਦ

## ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਹੀਰੋ ਸਟੀਲਜ਼ ਲਿਮਟਿਡ, ਲੁਧਿਆਣਾ ਵਿਖੇ ਦੰਦਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ



ਲੁਧਿਆਣਾ, 17 ਮਈ, (ਕਰਨੈਲ ਸਿੰਘ ਐੱਮ.ਏ.)- ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਦੰਦਾਂ ਦੀ ਸਿਹਤ ਸੰਭਾਲ ਮੁਹਿੰਮ ਤਹਿਤ ਹੀਰੋ ਸਟੀਲਜ਼ ਲਿਮਟਿਡ, ਲੁਧਿਆਣਾ ਵਿਖੇ ਕਾਲਜ ਦੇ ਚੇਅਰਮੈਨ ਬਾਬਾ ਅਨਹਦਰਾਜ ਸਿੰਘ ਜੀ ਦੀ ਸਰਪ੍ਰਸਤੀ ਹੇਠ ਦੰਦਾਂ ਦਾ ਫਰੀ ਚੈਕਅੱਪ ਅਤੇ ਚੇਤਨਾ ਕੈਂਪ ਆਯੋਜਿਤ ਕੀਤਾ ਗਿਆ। ਜਿਸ ਵਿੱਚ ਡਾ: ਨਵਦੀਪ ਕੌਰ, ਡਾ: ਪ੍ਰੀਤਇੰਦਰ ਸਿੰਘ, ਡਾ: ਗਗਨ ਪੰਨੂ ਅਤੇ ਡਾ: ਪੂਜਾ ਵਰਮਾ ਦੀ ਅਗਵਾਈ ਹੇਠ ਡਾਕਟਰਾਂ ਦੀ ਟੀਮ ਵੱਲੋਂ ਆਧੁਨਿਕ ਉਪਕਰਨਾਂ ਦੀ ਸਹਾਇਤਾ ਨਾਲ ਸਟਾਫ ਦੇ ਦੰਦਾਂ ਦੀ ਬਰੀਕੀ ਨਾਲ ਜਾਂਚ ਕੀਤੀ ਗਈ। ਡਾਕਟਰਾਂ ਨੇ ਦੰਦਾਂ ਦੀ ਸਿਹਤ ਸੰਭਾਲ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ ਅਤੇ ਮੂੰਹ ਸੰਬੰਧੀ ਹੋਣ ਵਾਲੀਆਂ ਆਮ ਬਿਮਾਰੀਆਂ ਜਿਵੇਂ ਕਿ ਦੰਦਾਂ ਦੀ ਸੜਣ ਅਤੇ ਮਸੂੜਿਆਂ ਸੰਬੰਧੀ ਤਕਲੀਫਾਂ ਤੋਂ ਵੀ ਜਾਣੂ ਕਰਾਇਆ। ਡਾਕਟਰਾਂ ਵੱਲੋਂ ਵਿਸ਼ੇਸ਼ ਤੌਰ ਤੇ ਮੂੰਹ ਦੇ ਕੈਂਸਰ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਦੀ ਜਾਂਚ ਅਤੇ ਸਮੇਂ ਨਾਲ ਇਲਾਜ ਦੰਦਾਂ ਦੇ ਸਮੇਂ ਸਮੇਂ ਤੇ ਚੈੱਕ-ਅੱਪ ਨਾਲ ਹੀ ਸੰਭਵ ਹੈ। ਭਵਿੱਖ ਵਿੱਚ ਵੀ ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ, ਲੁਧਿਆਣਾ ਵੱਲੋਂ ਅਜਿਹੇ ਦੰਦਾਂ ਦੇ ਮੁਫਤ ਚੈਕਅੱਪ ਕੈਂਪ ਲਗਾਏ ਜਾਂਦੇ ਰਹਿਣਗੇ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਦੰਦਾਂ ਦੀਆਂ ਬਿਮਾਰੀਆਂ ਤੋਂ ਜਾਣੂ ਕਰਵਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਮੁੱਢਲਾ ਇਲਾਜ ਮੁਹਈਆ ਕਰਵਾਇਆ ਜਾ ਸਕੇ। ਇਸ ਕੈਂਪ ਵਿੱਚ 100 ਤੋਂ ਵੱਧ ਕਰਮਚਾਰੀਆਂ ਦੇ ਦੰਦਾਂ ਦਾ ਨਿਰੀਖਣ ਕੀਤਾ ਗਿਆ ਅਤੇ ਉਨ੍ਹਾਂ ਨੂੰ ਦੰਦਾਂ ਸੰਬੰਧੀ ਹੋਣ ਵਾਲੀਆਂ ਬਿਮਾਰੀਆਂ ਤੋਂ ਜਾਣੂ ਕਰਵਾਇਆ ਗਿਆ। ਕੈਂਪ ਵਿੱਚ ਲੋੜਵੰਦ ਮਰੀਜ਼ਾਂ ਦੇ ਦੰਦਾਂ ਦਾ ਇਲਾਜ ਵੀ ਕੀਤਾ ਗਿਆ ਅਤੇ ਦਵਾਈਆਂ ਵੀ ਵੰਡੀਆਂ ਗਈਆਂ। ਕੈਂਪ ਦੌਰਾਨ ਹੀਰੋ ਸਟੀਲਜ਼ ਲਿਮਟਿਡ ਦੇ ਸ੍ਰੀ ਜਤਿੰਦਰ ਸ਼ਰਮਾ, ਡਾ: ਰੁਚਿਕਾ ਢਿੱਲੋਂ, ਸ੍ਰੀ ਵਿਸ਼ਾਲ ਕੁਮਾਰ, ਸ੍ਰੀ ਰਾਜੇਂਦਰਾ ਪਾਲ ਹਾਜ਼ਰ ਸਨ। ਹੀਰੋ ਸਟੀਲਜ਼ ਲਿਮਟਿਡ ਦੀ ਮੈਨੇਜਮੈਂਟ ਨੇ ਦੰਦਾਂ ਦਾ ਮੁਫਤ ਕੈਂਪ ਲਗਾਉਣ ਲਈ ਬੀ.ਜੇ.ਐਸ. ਡੈਂਟਲ ਕਾਲਜ ਅਤੇ ਹਸਪਤਾਲ ਦੇ ਚੇਅਰਮੈਨ ਬਾਬਾ ਅਨਹਦਰਾਜ ਸਿੰਘ, ਕਾਲਜ ਦੇ ਪ੍ਰਬੰਧਕਾਂ ਅਤੇ ਡਾਕਟਰਾਂ ਦਾ ਧੰਨਵਾਦ ਕੀਤਾ।

## ਡਾ. ਅਲਕਾ ਗੋਇਲ ਵਲੋਂ ਥਾਈਲੈਂਡ ਵਿੱਚ ਹੋਈ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਪੀ.ਸੀ.ਐਸ.ਕੇ 9 'ਤੇ ਭਾਸ਼ਣ
## -ਡਾ. ਅਲਕਾ ਗੋਇਲ ਸ਼ਾਨਦਾਰ ਪੇਸ਼ਕਾਰੀ ਲਈ ਜਾਪਾਨ ਦੇ ਪ੍ਰਸਿੱਧ ਕਾਰਡੀਓਲੋਜਿਸਟ ਵਲੋਂ ਸਨਮਾਨਿਤ




ਪਟਿਆਲਾ, 18 ਮਈ:

9 ਅਤੇ 10 ਮਈ ਨੂੰ ਥਾਈਲੈਂਡ ਵਿੱਚ ਕਾਰਡੀਓਲੋਜੀ ਬਾਰੇ ਹੋਈ ਇੱਕ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜ ਅਤੇ ਰਜਿੰਦਰਾ ਹਸਪਤਾਲ ਤੋਂ ਡਾ: ਅਲਕਾ ਗੋਇਲ ਨੇ ਮਹਿਮਾਨ ਬੁਲਾਰੇ ਵਜੋਂ ਸ਼ਿਰਕਤ ਕੀਤੀ। ਉਸਨੇ ਉੱਥੇ ਪੀ.ਸੀ.ਐਸ.ਕੇ 9, ਕਾਰਡੀਓਵੈਸਕੁਲਰ ਬਿਮਾਰੀਆਂ ਲਈ ਇੱਕ ਮਾਰਕਰ 'ਤੇ ਲੈਕਚਰ ਦਿੱਤਾ।ਉਨ੍ਹਾਂ ਇਸ ਵਿੱਚ ਦੱਸਿਆਅ ਕਿ ਵਿਸ਼ਵ ਵਿੱਚ ਗੁਰਦਿਆਂ ਦੇ ਗੰਭੀਰ ਰੋਗਾਂ ਵਿੱਚ ਦਿਲ ਦੀਆਂ ਬਿਮਾਰੀਆਂ ਦਾ ਪ੍ਰਚਲਨ ਲਗਭਗ 45-50 ਫੀਸਦੀ ਹੈ ਜਦੋਂ ਕਿ ਭਾਰਤ ਵਿੱਚ ਇਹ 35-40 ਫੀਸਦੀ ਹੈ। ਇਹ ਮਾਰਕਰ ਮਾਇਓਕਾਰਡਿਅਲ ਇਨਫਾਰਕਸ਼ਨ (ਦਿਲ ਦਾ ਦੌਰਾ) ਨੂੰ ਰੋਕਣ ਲਈ ਸਭ ਤੋਂ ਵਧੀਆ ਹੈ ਜੋ ਦਿਲ ਦੇ ਦੌਰੇ ਦੇ ਖਤਰੇ ਦਾ ਜਿੰਨੀ ਜਲਦੀ ਹੋ ਸਕੇ ਪਤਾ ਲਗਾ ਸਕਦਾ ਹੈ ਤਾਂ ਜੋ ਪਹਿਲਾਂ ਤੋਂ ਰੋਕਥਾਮ ਦੇ ਉਪਾਅ ਕੀਤੇ ਜਾ ਸਕਣ। ਅੰਤਮ ਪੜਾਅ ਦੇ ਗੁਰਦੇ ਦੀ ਬਿਮਾਰੀ ਵਾਲੇ ਮਰੀਜ਼ ਜੋ ਹੀ ਮੋਡਾਇਆਲਿਸਸ 'ਤੇ ਹਨ, ਨੂੰ ਵੀ ਦਿਲ ਦੀ ਬਿਮਾਰੀ ਦਾ ਖ਼ਤਰਾ ਹੁੰਦਾ ਹੈ, ਇਸ ਲਈ ਇਸ ਮਾਰਕਰ ਪੀ.ਸੀ.ਐਸ.ਕੇ9 ਨੂੰ ਗੁਰਦੇ ਦੀ ਬਿਮਾਰੀ ਵਿੱਚ ਡਾਇਗਨੌਸਟਿਕ ਅਤੇ ਪੂਰਵ-ਅਨੁਮਾਨ ਮਾਰਕਰ ਵਜੋਂ ਵੀ ਵਰਤਿਆ ਜਾ ਸਕਦਾ ਹੈ। ਉਸਨੇ ਇਹ ਵੀ ਕਿਹਾ ਕਿ ਭਾਰਤ ਵਿੱਚ ਪੀਸੀਐਸਕੇ 9 ਮਾਰਕਰ 'ਤੇ ਖੋਜ ਦੀ ਘਾਟ ਹੈ, ਖਾਸ ਤੌਰ 'ਤੇ ਅੰਤਮ ਪੜਾਅ ਦੇ ਗੁਰਦੇ ਦੀ ਬਿਮਾਰੀ ਵਿੱਚ, ਕਿਉਂਕਿ ਦਿਲ ਦੇ ਦੌਰੇ ਵਰਗੀਆਂ ਦਿਲ ਦੀਆਂ ਜਟਿਲਤਾਵਾਂ ਨੂੰ ਇਹ ਜਾਣਨ ਦੇ ਬਾਵਜੂਦ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਕਿ ਇਹ ਉਹਨਾਂ ਵਿੱਚ ਮੌਤ ਦਾ ਕਾਰਨ ਬਣ ਸਕਦਾ ਹੈ ਕਾਰਨ ਹੈ. ਇਸ ਦਾ ਪੱਧਰ ਮੋਟਾਪੇ ਵਾਲੇ ਮਰੀਜ਼ਾਂ ਅਤੇ 40-60 ਸਾਲ ਦੀ ਉਮਰ ਦੇ ਮਰੀਜ਼ਾਂ ਵਿੱਚ ਜ਼ਿਆਦਾ ਪਾਇਆ ਜਾਂਦਾ ਹੈ। ਡਾ. ਅਲਕਾ ਗੋਇਲ ਭਾਰਤ ਵਿੱਚ ਗੁਰਦਿਆਂ ਦੀ ਬਿਮਾਰੀ ਦੇ ਮਰੀਜ਼ਾਂ 'ਤੇ ਪੀ.ਸੀ.ਐਸ.ਕੇ 9 ਮਾਰਕਰ 'ਤੇ ਇਹ ਖੋਜ ਕਰਨ ਵਾਲੀ ਪਹਿਲੀ ਡਾਕਟਰ ਹੈ। ਉਨ੍ਹਾਂ ਦੀ ਸ਼ਾਨਦਾਰ ਪੇਸ਼ਕਾਰੀ ਲਈ ਜਾਪਾਨ ਦੇ ਪ੍ਰਸਿੱਧ ਕਾਰਡੀਓਲੋਜਿਸਟ ਦੁਆਰਾ ਸਨਮਾਨਿਤ ਕੀਤਾ ਗਿਆ।

## ਪਿੰਡ ਪੱਧਰੀ ਵਿਖੇ ਗੁੰਡਾਗਰਦੀ ਦਾ ਹੋਇਆ ਨੰਗਾ ਨਾਚ, ਤੂੜੀ ਸੁੱਟ ਰਹੇ ਦਾਦਾ ਪੋਤਾ ਕੀਤੇ ਜ਼ਖ਼ਮੀ



ਅੰਮ੍ਰਿਤਸਰ , 18 ਮਈ ( ਰਣਜੀਤ ਸਿੰਘ ਮਸੌਣ) ਥਾਣਾ ਲੋਪੋਕੇ ਦੀ ਚੌਂਕੀ ਰਾਮ ਤੀਰਥ ਅਧੀਨ ਆਉਂਦੇ ਪਿੰਡ ਪੱਧਰੀ ਵਿਖੇ ਕੁੱਝ ਨੌਜ਼ਵਾਨਾਂ ਵੱਲੋਂ ਗੁੰਡਾਗਰਦੀ ਦਾ ਨੰਗਾ ਨਾਚ ਕਰਦੇ ਹੋਏ ਪਸ਼ੂਆਂ ਵਾਲੇ ਬਰਾਂਡੇ ਵਿੱਚ ਤੂੜੀ ਸੁੱਟ ਰਹੇ ਦਾਦੇ ਪੋਤੇ ਨੂੰ ਤੇਜ਼ਧਾਰ ਹਥਿਆਰਾਂ ਅਤੇ ਇੱਟਾਂ ਰੋੜਿਆਂ ਨਾਲ ਹਮਲਾ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਬਾਪੂ ਮਹਿੰਦਰ ਸਿੰਘ (80) ਨੇ ਦੱਸਿਆ ਕਿ ਉਹ ਆਪਣੇ ਦੋ ਪੋਤਿਆਂ ਜਸਪਾਲ ਸਿੰਘ ਅਤੇ ਗੁਰਲਾਲ ਸਿੰਘ ਨਾਲ ਪਸ਼ੂਆਂ ਵਾਲੇ ਬਰਾਂਡੇ ਵਿੱਚ ਤੂੜੀ ਸੁੱਟ ਰਹੇ ਸਨ ਕਿ ਪਿੰਡ ਦੇ ਕੁੱਝ ਨੌਜ਼ਵਾਨਾਂ ਦੀਪਕ ਸਿੰਘ, ਗੌਰਵਦੀਪ ਸਿੰਘ, ਸੰਤੋਖ ਸਿੰਘ, ਗੁਰਸੇਵਕ ਸਿੰਘ, ਨਾਨਕ ਸਿੰਘ, ਸੇਨੂੰ ਸਿੰਘ, ਗੁਰਤੇਜ ਸਿੰਘ ਆਦਿ ਨੇ ਕੁੱਝ ਅਣਪਛਾਤੇ ਨੌਜ਼ਵਾਨਾਂ ਨਾਲ ਉਨ੍ਹਾਂ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਜਿਸ ਵਿੱਚ ਬਜ਼ੁਰਗ ਮਹਿੰਦਰ ਸਿੰਘ, ਉਨ੍ਹਾਂ ਦਾ ਪੁੱਤਰ ਬਿੱਟਾ ਸਿੰਘ ਅਤੇ ਪੋਤਰਾ ਜਸਪਾਲ ਸਿੰਘ ਜ਼ਖ਼ਮੀ ਹੋ ਗਏ। ਉਕਤ ਸਾਰੀ ਘਟਨਾ ਸੀ.ਸੀ.ਟੀ.ਵੀ.ਕੈਮਰਿਆਂ ਵਿੱਚ ਕ਼ੈਦ ਹੋ ਗਈ। ਹਮਲਾਵਰਾਂ ਵਿੱਚ ਕੁੱਝ ਔਰਤਾਂ ਦੀ ਸ਼ਮੂਲੀਅਤ ਵੀ ਪਾਈ ਗਈ। ਇਹ ਹਮਲਾ ਕਿਸੇ ਪੁਰਾਣੀ ਰੰਜਿਸ਼ ਤਹਿਤ ਹੋਇਆ ਦੱਸਿਆ ਜਾ ਰਿਹਾ ਹੈ। ਜਸਪਾਲ ਸਿੰਘ ਸਰਕਾਰੀ ਹਸਪਤਾਲ ਲੋਪੋਕੇ ਵਿਖੇ ਜੇਰੇ ਇਲਾਜ਼ ਹੈ। ਇਸਦੀ ਰਿਪੋਰਟ ਪੁਲਿਸ ਚੌਂਕੀ ਰਾਮ ਤੀਰਥ ਵਿਖੇ ਦਿੱਤੀ ਗਈ ਹੈ। ਚੌਂਕੀ ਰਾਮ ਤੀਰਥ ਦੇ ਇੰਚਾਰਜ ਏ.ਐੱਸ.ਆਈ. ਪਰਸ਼ੋਤਮ ਲਾਲ ਨਾਲ ਗੱਲ ਕਰਨ ਤੇ ਉਨ੍ਹਾਂ ਦੱਸਿਆ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਰਹੇ ਹਨ ਅਤੇ ਜੋ ਵੀ ਦੋਸ਼ੀ ਸਾਬਤ ਹੋਇਆ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਹਰੇਕ ਬੂਥ ਦਾ ਸਿੱਧਾ ਪ੍ਰਸਾਰਣ ਵੇਖਣ ਲਈ ਕੀਤੇ ਜਾਣਗੇ ਪ੍ਰਬੰਧ -ਜਿਲਾਂ ਚੋਣ ਅਧਿਕਾਰੀ
## ਸਾਰੇ ਬੂਥਾਂ ਦੀ ਵੈਬਕਾਸਟਿੰਗ ਲਈ ਜ਼ਿਲੇ ਪੱਧਰ ਉਤੇ ਬਣੇਗਾ ਕੰਟਰੋਲ ਰੂਮਜ਼ਿਲਾਂ ਪ੍ਰਸਾਸ਼ਨ ਨੇ ਕੀਤੀ ਵਲੰਟੀਅਰਾਂ ਦੀ ਮੰਗ




ਅੰਮ੍ਰਿਤਸਰ, 18 ਮਈ (ਰਣਜੀਤ ਸਿੰਘ ਮਸੌਣ/ਰਾਘਵ ਅਰੋੜਾ) ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਘਣਸ਼ਾਮ ਥੋਰੀ ਨੇ ਅਗਾਮੀ ਲੋਕ ਸਭਾ ਚੋਣਾਂ ਵਿੱਚ ਜ਼ਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ ਦਾ ਸਿੱਧਾ ਪ੍ਰਸਾਰਣ ਜ਼ਿਲਾਂ ਹੈੱਡ ਕੁਆਰਟਰ ਉੱਪਰ ਵੇਖਣ ਦੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਹੈ ਕਿ ਉਨਾਂ ਦੇ ਨਾਲ ਚੋਣ ਆਬਜ਼ਰਵਰ ਅਤੇ ਹੋਰ ਅਧਿਕਾਰੀ ਹਰੇਕ ਬੂਥ ਉਪਰ ਹੋਣ ਵਾਲੀ ਗਤੀਵਿਧੀ ਉੱਪਰ ਨਜ਼ਰ ਰੱਖ ਸਕਣ। ਇਸ ਕੰਮ ਨੂੰ ਸਿਰੇ ਚਾੜਨ ਲਈ ਉਨਾਂ ਆਈਏਐਸ ਅਧਿਕਾਰੀ ਸ਼੍ਰੀਮਤੀ ਸੋਨਮ ਨੂੰ ਨੋਡਲ ਅਧਿਕਾਰੀ ਲਗਾਇਆ ਹੈ। ਸ਼੍ਰੀਮਤੀ ਸੋਨਮ ਨੇ ਇਸ ਟਾਸਕ ਨੂੰ ਪੂਰਾ ਕਰਨ ਲਈ ਤਕਨੀਕੀ ਮਾਹਿਰਾਂ ਨਾਲ ਕੀਤੀ ਮੀਟਿੰਗ ਉਪਰੰਤ ਦੱਸਿਆ ਕਿ ਇਸ ਦਾ ਸਿੱਧਾ ਪ੍ਰਸਾਰਣ ਵੇਖਣ ਲਈ ਹਰੇਕ ਚੋਣ ਬੂਥ ਉੱਪਰ ਬੈਬੱਕਾਸਟਿੰਗ ਕਰਵਾਈ ਜਾਵੇਗੀ ਅਤੇ ਇਸ ਦਾ ਜ਼ਿਲ੍ਹਾ ਪੱਧਰ ਤੇ ਇੱਕ ਕੰਟਰੋਲ ਰੂਮ ਸਥਾਪਿਤ ਕੀਤਾ ਜਾਵੇਗਾ।

ਉਹਨਾਂ ਕਿਹਾ ਕਿ ਜ਼ਿਲ੍ਹਾ ਚੋਣ ਦਫ਼ਤਰ ਵਿੱਚ ਇਸ ਕੰਮ ਨੂੰ ਪੂਰਾ ਕਰਨ ਲਈ ਕੰਟਰੋਲ ਰੂਮ ਵਿੱਚ ਵਿਦਿਆਰਥੀ ਵਲੰਟੀਅਰਾਂ ਦੀ ਮੱਦਦ ਲਈ ਜਾਵੇਗੀ, ਜਿੰਨਾਂ ਬੱਚਿਆਂ ਕੋਲ ਆਪਣਾ ਲੈਪਟਾਪ ਹੋਵੇਗਾ ਉਹ ਇਸ ਮੁਹਿੰਮ ਦਾ ਹਿੱਸਾ ਬਣ ਸਕਣਗੇ।

ਉਹਨਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਇੱਕ ਗੂਗਲ ਫ਼ਾਰਮ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਲੋੜੀਂਦੀ ਜਾਣਕਾਰੀ ਭਰ ਕੇ ਕੋਈ ਵੀ ਨੌਜ਼ਵਾਨ ਵਲੰਟੀਅਰ ਅਪਲਾਈ ਕਰ ਸੱਕਦਾ ਹੈ। ਉਸ ਨੂੰ ਇੱਕ ਦਿਨ ਇਸ ਦੇ ਅਭਿਆਸ ਲਈ ਅਤੇ ਫ਼ਿਰ ਵੋਟਾਂ ਵਾਲੇ ਦਿਨ ਹੀ ਕੰਟਰੋਲ ਰੂਮ ਵਿੱਚ ਬੁਲਾਇਆ ਜਾਵੇਗਾ। ਉਹਨਾਂ ਕਿਹਾ ਕਿ ਵੈਬਕਾਸਟਿੰਗ ਦੇ ਕੰਮ ਲਈ ਅਪਲਾਈ ਕਰਨ ਵਾਲੇ ਨੌਜ਼ਵਾਨ ਬਾਰਵੀਂ ਜਮਾਤ ਪਾਸ ਹੋਵੇ ਅਤੇ ਉਸ ਕੋਲ ਆਪਣਾ ਲੈਪਟਾਪ ਹੋਣਾ ਲਾਜ਼ਮੀ ਹੈ। ਉਨਾਂ ਨੇ ਕਿਹਾ ਕਿ ਇਸ ਡਿਊਟੀ ਨੂੰ ਨਿਭਾਉਣ ਵਾਲੇ ਵਲੰਟੀਅਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਟਫ਼ੀਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਨੌਜ਼ਵਾਨਾਂ ਨੂੰ ਅਪੀਲ ਕੀਤੀ ਕਿ ਉਹ ਲੋਕਤੰਤਰ ਦੇ ਇਸ ਤਿਉਹਾਰ ਵਿੱਚ ਆਪਣਾ ਹਿੱਸਾ ਪਾਉਣ ਲਈ ਵੱਧ ਤੋਂ ਵੱਧ ਗਿਣਤੀ ਵਿੱਚ ਅੱਗੇ ਆਉਣ।

